# ਰਹਿਣੀ ਰਹੈ ਸੋਈ ਸਿੱਖ ਮੇਰਾ

(ਜੀਵਨ ਝਲਕਾਂ)

ਲੇਖਕ :

ਹਰਬੰਸ ਸਿੰਘ




ਪ੍ਰਕਾਸ਼ਕ :

**ਦੀ ਸਿੱਖ ਮਿਸ਼ਨਰੀ ਸੋਸਾਇਟੀ, ਯੂ. ਕੇ. (ਰਜਿਸਟਰਡ)**

10 ਫੀਦਰਸਟੋਨ ਰੋਡ, ਸਾਊਥਾਲ, ਮਿਡਲਸੈਕਸ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਰਹਿਣੀ ਰਹੈ
# ਸੋਈ ਸਿੱਖ ਮੇਰਾ

(ਜੀਵਨ ਝਲਕਾਂ)

ਲੇਖਕ :
ਹਰਬੰਸ ਸਿੰਘ

ਪ੍ਰਕਾਸ਼ਕ :
ਦੀ ਸਿੱਖ ਮਿਸ਼ਨਰੀ ਸੋਸਾਇਟੀ, ਯੂ.ਕੇ. (ਰਜਿਸਟਰਡ)
10 ਫੀਦਰਸਟੋਨ ਰੋਡ, ਸਾਊਥਾਲ, ਮਿਡਲਸੈਕਸ

Namdhari Elibrary NamdhariElibrary@gmail.com

Rehini Rahe Soi Sikh Mera *by Prof. Harbans Singh*

---

© ਸਭ ਹੱਕ ਕਰਤਾ ਦੇ ਰਾਖਵੇਂ ਹਨ ।

ਪਹਿਲੀ ਵਾਰ : ਅਕਤੂਬਰ 1972, 2000 ਕਾਪੀਆਂ

ਦੂਜੀ ਵਾਰ : ਅਕਤੂਬਰ 1982, 5000 ਕਾਪੀਆਂ

ਛਾਪਕ :
ਜਸਵੰਤ ਪ੍ਰਿੰਟਰਜ਼,
1405, ਬੇਰੀ ਰੋਡ, ਰਾਮ ਨਗਰ,
ਸਿਵਲ ਲਾਈਨਜ਼, ਲੁਧਿਆਣਾ-141001

ਪ੍ਰਕਾਸ਼ਕ :
ਦੀ ਸਿੱਖ ਮਿਸ਼ਨਰੀ ਸੋਸਾਇਟੀ, ਯੂ. ਕੇ. (ਰਜਿਸਟਰਡ)
10, ਫੀਦਰਸਟੋਨ ਰੋਡ, ਸਾਊਥਾਲ, ਮਿਡਲਸੈਕਸ

Namdhari Elibrary NamdhariElibrary@gmail.com

ਰਹਿਤਵਾਨ ਜਗ ਸਿੰਘ ਜੁ ਕੋਈ,
ਗੁਰ ਕੇ ਲੋਗ ਬਸੇਂਗੇ ਤੇਈ।
**"ਰਹਿਣੀ ਰਹੈ ਸੋਈ ਸਿੱਖ ਮੇਰਾ,**
**ਓਹ ਠਾਕੁਰ, ਮੈਂ ਉਸ ਕਾ ਚੇਰਾ।"**
ਰਹਿਤ ਬਿਨਾਂ ਨਹਿ ਸਿੱਖ ਕਹਾਵੈ,
ਰਹਿਤ ਬਿਨਾਂ ਦਰ ਚੋਟਾਂ ਖਾਵੈ।
ਰਹਿਤ ਬਿਨਾਂ ਸੁਖ ਕਬਹੁੰ ਨ ਲਹੈ,
ਤਾਂਤੇ ਰਹਿਤ ਸੁ ਦ੍ਰਿੜ੍ਹ ਕਰ ਗਹੈ।

... ... ... ...

ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ;
ਸੋਈ ਸਿੰਘ ਪ੍ਰਧਾਨ, ਅਵਰੁ ਨ ਪਾਹੁਲ ਜੋ ਲਏ।

... ... ... ...

ਪਾਂਚ ਸਿੰਘ ਅੰਮ੍ਰਿਤ ਜੋ ਦੇਵੈ,
ਤਾਂਕੋ ਸਿਰ ਧਰ ਛਕ ਪੁਨ ਲੇਵੈ।
ਪੁਨ ਮਿਲ ਪਾਂਚੋ ਰਹਿਤ ਜੁ ਭਾਖੈ,
ਤਾਂਕੋ ਮਨ ਮੇਂ ਦ੍ਰਿੜ੍ਹ ਕਰ ਰਾਖੈ।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

Namdhari Elibrary NamdhariElibrary@gmail.com

ਜਾਗਤਿ ਜੋਤ ਜਪੈ ਨਿਸਬਾਸਰ,
ਏਕ ਬਿਨਾ ਮਨ ਨੈਕ ਨ ਆਨੈ ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ।
ਤੀਰਥ ਦਾਨ ਦਯਾ ਤਪ ਸੰਯਮ,
ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸਾ ਤਾਹਿ ਨਖਾਲਸ ਜਾਨੈ ।੧।

(੩੩ ਸਵੈਯੇ ਪਾ: ੧੦)

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ
ਹਰਬੰਸ ਸਿੰਘ ਚਾਨਾ ਸਾਊਥ ਹਾਲ
(ਇੰਗਲੈਂਡ ਮਿਡਲ ਸਿਕਸ (ਯੂ ਕੇ)

Namdhari Elibrary NamdhariElibrary@gmail.com

# ਤਤਕਰਾ


| | | |
|---|---|---|
| | ਭੂਮਿਕਾ | ੭ |
| ੧. | ਪੂਰਬ ਕਰਮ ਅੰਕੁਰ ਜਬ ਪ੍ਰਗਟੇ | ੯ |
| ੨. | ਕੀਰਤਨੁ ਹੋਆ ਰੈਣ ਸਬਾਈ | ੧੬ |
| ੩. | ਸਾਧ ਸੰਗਤਿ ਊਂਧ ਕਮਲ ਬਿਗਾਸ | ੨੨ |
| ੪. | ਗੁਰਿ ਅੰਮ੍ਰਿਤ ਹਰਿ ਮੁਖਿ ਚੋਇਆ | ੨੮ |
| ੫. | ਸਿਰ ਬੇਚਿਓ ਸਤਿਗੁਰ ਆਗੈ | ੩੭ |
| ੬. | ਸਰਬ ਰੋਗ ਕਾ ਅਉਖਦੁ ਨਾਮੁ | ੪੧ |
| ੭. | ਸਤਿਗੁਰੂ ! ਉਂਞ ਮੈਂ ਵੀ ਤੇਰਾ ਸਿੱਖ ਅਖਵਾਉਂਦਾ ਹਾਂ | ੪੭ |
| ੮. | ਸਤਿਗੁਰੂ ਸਿੱਖ ਕੀ ਕਰੈ ਪ੍ਰਤਿਪਾਲ | ੫੨ |
| ੯. | ਰਹਿਣੀ ਰਹੈ ਸੋਈ ਸਿੱਖ ਮੇਰਾ | ੫੭ |
| ੧੦. | ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ | ੫੯ |
| ੧੧. | ਸੇਵਕ ਕੀ ਓੜਕ ਨਿਬਹੀ ਪ੍ਰੀਤਿ | ੬੨ |
| ੧੨. | ਪ੍ਰਭ ਮੋਹਿ ਕਬ ਗਲ ਲਾਵਹਿਗੋ...? | ੭੦ |
| ੧੩. | ਰਹਿਤ ਪਿਆਰੀ ਮੋਹਿ ਕੋ | ੭੫ |
| ੧੪. | ਗੁਰਸਿੱਖਾਂ ਕੀ ਹਰਿ ਧੂੜਿ ਦੇਹਿ | ੭੯ |
| ੧੫. | ਗੁਰਮੁਖਿ ਰੋਮਿ ਰੋਮਿ ਹਰ ਧਿਆਵੈ | ੮੩ |
| ੧੬. | ਹਾਲ ਮਰੀਦਾਂ ਦਾ | ੯੦ |


Namdhari Elibrary NamdhariElibrary@gmail.com

# ਗੁਰ ਸਤਿਗੁਰ ਕਾ ਜੋ ਸਿਖ ਅਖਾਏ

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪ੍ਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ :
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ;
ਬਹਦਿਆ ਉਠਦਿਆ ਹਰਿਨਾਮੁ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖ ਗੁਰੂ ਮਨਿ ਭਾਵੈ ।
ਜਿਸ ਨੋ ਦਿਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰੂ ਸਿਖ ਗੁਰੂ ਉਪਦੇਸ ਸੁਣਾਵੈ ।
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ ।

(ਵਾਰ ਗਉੜੀ ਮ: ੪)

Namdhari Elibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਸਤਿਗੁਰੂ ਦੀ ਕਿਰਪਾ ਅਨੁਸਾਰ ਗੁਰਮੁਖ ਪਿਆਰੇ ਸ. ਕ੍ਰਿਪਾਲ ਸਿੰਘ 'ਖਾਲਸਾ' ਜੀ ਦਾ ਮੇਲ ਪ੍ਰਾਪਤ ਹੋਇਆ, ਪਿਛਲੇ ਸਾਲ ਸਿਆਲ-ਰੁੱਤ ਦੀਆਂ ਛੁਟੀਆਂ ਵਿਚ ਖੁਲ੍ਹੀਆਂ ਮੇਲ ਮੁਲਾਕਾਤਾਂ ਹੁੰਦੀਆਂ ਰਹੀਆਂ। ਗੁਰਮੁਖ ਪਿਆਰੇ ਆਪਣੇ ਜੀਵਨ ਤਜਰਬੇ ਵਿਚੋਂ ਬਹੁਤ ਕੁਝ ਸੁਣਾਉਂਦੇ ਰਹੇ। ਇਕ ਦਿਨ ਉਨ੍ਹਾਂ ਗੁਲਾਮ ਮੁਹੰਮਦ ਵਾਲੀ ਸਾਖੀ ਸੁਣਾਈ ਜਿਸ ਦਾ ਸਿਰਲੇਖ ਉਸੇ ਹੀ ਵੇਲੇ ਹਿਰਦੇ ਵਿਚ ਉਕਰਿਆ ਗਿਆ ਅਤੇ ਪਲਾਟ ਮੁਕੰਮਲ ਹੋ ਗਿਆ, ਘਰ ਆਉਂਦਿਆਂ ਹੀ "ਪੂਰਬ ਕਰਮ ਅੰਕੁਰ ਜਬ ਪ੍ਰਗਟੇ" ਨਾਂ ਹੇਠ ਇਹ ਜੀਵਨ ਝਲਕ ਲਿਖੀ ਗਈ ਜਿਹੜੀ ਮਾਸਕ ਪੱਤਰ 'ਸੂਰਾ' ਦੇ ਫਰਵਰੀ ੧੯੭੨ ਅੰਕ ਵਿਚ ਛਪ ਗਈ।

ਇਹਨਾਂ ਹੀ ਦਿਨਾਂ ਵਿਚ ਸਿੱਖ ਨੌਜਵਾਨਾਂ ਵਿਚ ਦਿਨੋ ਦਿਨ ਵਧ ਰਹੀਆਂ ਕੁਰਹਿਤਾਂ ਨੂੰ ਠਲ੍ਹ ਪਾਉਣ ਲਈ ਵਿਚਾਰਾਂ ਹੁੰਦੀਆਂ ਰਹੀਆਂ। ਇਸ ਗੱਲ ਤੇ ਸੰਮਤੀ ਪ੍ਰਗਟ ਕੀਤੀ ਗਈ ਕਿ ਗੁਰਮਤਿ ਪ੍ਰਚਾਰ ਦੀ ਘਾਟ ਕਾਰਨ ਬੱਚੇ ਕੁਸੰਗਤ ਵਿਚ ਫਸ ਕੇ ਵੇਖਾ ਵੇਖੀ ਸਿਰ ਮੂੰਹ ਮੁਨਾ ਰਹੇ ਅਤੇ ਕੁਰਹਿਤਾਂ ਕਰ ਰਹੇ ਹਨ। ਇਸ ਸੰਬੰਧ ਵਿਚ ਗੁਰਉਪਦੇਸ਼ਾਂ ਦੀ ਜਾਣਕਾਰੀ ਲਈ 'ਕਰੋ ਅਤੇ ਨਾ ਕਰੋ' ਭਾਂਤ ਦਾ 'ਗੁਰਮਤਿ ਰਹਿਣੀ' ਨਾਂ ਥਲੇ ਇਕ ਟਰੈਕਟ ਫਰਵਰੀ, ੧੯੭੨ ਵਿਚ ਛਪਵਾਇਆ ਗਿਆ ਅਤੇ ਮੁਫ਼ਤ ਵੰਡਿਆ ਗਿਆ। 'ਗੁਰਮਤਿ ਰਹਿਣੀ' ਲੜੀ ਦਾ ਦੂਜਾ ਟਰੈਕਟ ਅਪ੍ਰੈਲ, ੧੯੭੨ ਵਿਚ ਪ੍ਰਕਾਸ਼ਤ ਹੋਇਆ ਜਿਸ ਵਿਚ 'ਪੂਰਬ ਕਰਮ ਅੰਕੁਰ ਜਬ ਪ੍ਰਗਟੇ' ਨਾਂ ਦੀ ਜੀਵਨ ਝਲਕ ਪਹਿਲੇ ਨੰਬਰ ਤੇ ਛਪੀ।



Namdhari Elibrary NamdhariElibrary@gmail.com

ਗੁਰਮਤਿ ਪ੍ਰਚਾਰ ਨੂੰ ਬਾਕਾਇਦਾ ਜਾਰੀ ਰਖਣ ਲਈ 'ਖਾਲਸਾ' ਜੀ ਨੇ 'ਗੁਰਮਤਿ ਰਹਿਣੀ' ਨੂੰ ਤਿਮਾਹੀ ਪੱਤ੍ਰਕਾ ਦੇ ਤੌਰ ਤੇ ਰਜਿਸਟਰਡ ਕਰਵਾ ਲਿਆ ਜਿਸ ਦਾ ਪਹਿਲਾ ਅੰਕ ਜੂਨ, ੧੯੭੨ ਵਿਚ ਪ੍ਰਕਾਸ਼ਤ ਹੋਇਆ। ਹਥਲੀ ਪੁਸਤਕ ਦੀਆਂ ਸਾਰੀਆਂ ਜੀਵਨ ਝਲਕਾਂ 'ਗੁਰਮਤਿ ਰਹਿਣੀ' ਅਤੇ ਕੁਝ ਕੁ ਮਾਸਕ ਪੱਤਰ 'ਸੂਰਾ' ਵਿਚ ਛਪ ਚੁੱਕੀਆਂ ਹਨ।

ਇਹ ਅਨੁਭਵ ਕਰਕੇ ਕਿ ਇਹਨਾਂ ਜੀਵਨ ਝਲਕਾਂ ਨੇ ਲੋਕਾਂ ਤੇ ਕਾਫੀ ਚੰਗਾ ਪ੍ਰਭਾਵ ਪਾਇਆ ਹੈ, ਫੈਸਲਾ ਕੀਤਾ ਗਿਆ ਕਿ ਇਹਨਾਂ ਨੂੰ ਪੁਸਤਕ ਦਾ ਰੂਪ ਦਿਤਾ ਜਾਏ। ਜਦੋਂ ਇਸ ਸਕੀਮ ਬਾਰੇ 'ਸਿੱਖ ਮਿਸ਼ਨਰੀ ਸੋਸਾਇਟੀ ਯੂ.ਕੇ.' ਨੂੰ ਪਤਾ ਲਗਾ ਤਾਂ ਉਹਨਾਂ ਨੇ ਆਪਣੇ ਖਰਚ ਤੇ ਇਸ ਪੁਸਤਕ ਨੂੰ ਛਾਪਣ ਲਈ ਪੱਤਰ ਲਿਖ ਭੇਜਿਆ।

'ਰਹਿਣੀ ਰਹੈ ਸੋਈ ਸਿਖ ਮੇਰਾ' ੯੩ ਸਾਲ ਦੇ ਗੁਰਮੁਖ ਬਜ਼ੁਰਗ ਦੀ ਹੱਡ ਬੀਤੀ ਹੈ ਜਿਸ ਨੇ ਪੁਲਿਸ ਵਿਚ ਨੌਕਰ ਹੁੰਦਿਆਂ ਹੋਇਆਂ ਭੀ ਆਪਣੇ ਸਿੱਖੀ ਸਿਦਕ ਨੂੰ ਦਾਗ ਨਾ ਲਗਣ ਦਿਤਾ। ਇਸ ਪੁਸਤਕ ਦਾ ਨਾਂ ਇਸੇ ਹੀ ਜੀਵਨ ਝਲਕ ਦੇ ਸਿਰਲੇਖ ਤੇ ਰਖਿਆ ਗਿਆ ਹੈ। ਇਸ ਪੁਸਤਕ ਦੀਆਂ ਸਾਰੀਆਂ ਕਹਾਣੀਆਂ ਵੱਖ ਵੱਖ ਸਮਿਆਂ ਵਿਚ ਗੁਰਸਿਖਾਂ ਦੇ ਅਸਲੀ ਜੀਵਨ ਨਾਲ ਸੰਬੰਧਤ ਘਟਨਾਵਾਂ ਹਨ ਜਿਨ੍ਹਾਂ ਨੂੰ ਸਾਹਿਤਕ ਰੰਗਣ ਦੇ ਕੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਵਧੇਰੇ ਪ੍ਰਭਾਵਸ਼ਾਲੀ ਹੋ ਸਕਣ, ਆਸ ਕੀਤੀ ਜਾਂਦੀ ਹੈ ਕਿ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਆਪਣੀਆਂ ਊਣਤਾਈਆਂ ਨੂੰ ਪੂਰਿਆਂ ਕਰਨਗੇ ਅਤੇ ਸਚਿਆਰ ਸਿੱਖ ਬਣ ਕੇ ਲੋਕ ਸੁਖੀਏ ਅਤੇ ਪ੍ਰਲੋਕ ਸੁਹੇਲੇ ਹੋਵਣ।

ਰਹਿਤਵਾਨ ਸਿੰਘਾਂ ਦਾ ਦਰਸ਼ਨ ਅਭਿਲਾਸ਼ੀ :

ਲੁਧਿਆਣਾ ਹਰਬੰਸ ਸਿੰਘ

੧੩ ਸਤੰਬਰ, ੧੯੭੨



Namdhari Elibrary NamdhariElibrary@gmail.com

੧

# ਪੂਰਬ ਕਰਮ ਅੰਕੁਰ ਜਬ ਪ੍ਰਗਟੇ

'ਭਾਈ ਸਾਹਿਬ ਮੁਝੇ ਆਬੇ-ਹਯਾਤ ਕਬ ਮਿਲੇਗਾ ? ਮੁਝੇ ਅੰਮ੍ਰਿਤ ਕਬ ਮਿਲੇਗਾ ?' ਗੁਲਾਮ ਮੁਹੰਮਦ ਨੇ ਇਕ ਦਿਨ ਉਤਾਵਲੇ ਹੋ ਕੇ ਪੁੱਛਿਆ । ਸਿੰਘ ਸਾਹਿਬ ਨੇ ਕਿਹਾ ਕਿ ਏਨੇ ਕਾਹਲੇ ਨਾ ਪਵੋ, ਅਰਦਾਸ ਕਰੀ ਜਾਓ, ਜਦੋਂ ਸਤਿਗੁਰ ਦੀ ਬਖ਼ਸ਼ਸ਼ ਹੋਵੇਗੀ, ਗੁਰੂ ਘਰੋਂ ਅੰਮ੍ਰਿਤ ਦੀ ਦਾਤ ਮਿਲ ਜਾਵੇਗੀ ।

ਜ਼ਿੰਦਗੀ ਦੇ ਚੱਕਰ ਅਨੁਸਾਰ ਸਿੰਘ ਸਾਹਿਬ ਚੜ੍ਹਦੇ ਸਿਆਲ ਫਿਰ ਆਪਣੇ ਐਸ. ਡੀ. ਓ. (S.D.O.) ਚਾਚਾ ਜੀ ਪਾਸ ਬਰਮਾ ਦੇਸ਼ ਦੇ ਮਰਗੋਈ ਸ਼ਹਿਰ ਪੁੱਜ ਗਏ । ਐਸ. ਡੀ. ਓ. ਸਾਹਿਬ ਨੇ ਸਿੰਘ ਸਾਹਿਬ ਨੂੰ ਮਰਗੋਈ ਬੰਦਰਗਾਹ ਦੀ ਗੋਦੀ ਵਿਚ ਸੁਪਰਵਾਈਜ਼ਰ ਲਗਾ ਦਿਤਾ । ਸਿੰਘ ਸਾਹਿਬ ਆਪਣੀ ਡਿਊਟੀ ਤੇ ਪਹੁੰਚ ਕੇ ਕਾਰੀਗਰਾ ਅਤੇ ਕਾਮਿਆਂ ਨੂੰ ਕੰਮ ਸਮਝਾ ਦਿੰਦੇ ਅਤੇ ਆਪ ਸਮੁੰਦਰ ਦੇ ਕਿਨਾਰੇ ਦਰਖ਼ਤਾਂ ਦੇ ਝੁੰਡ ਵਿਚ ਨਵੇਕਲੇ ਹੋ ਕੇ ਬਹਿ ਜਾਂਦੇ ਅਰ 'ਸਚੀ ਕਾਰੇ' (ਨਾਮ ਸਿਮਰਨ) ਵਿਚ ਜੁਟ ਜਾਂਦੇ। ਲੋਕਾਂ ਨਾਲ ਘਟ ਤੋਂ ਘਟ ਗੱਲ ਕਰਦੇ, ਥੋੜ੍ਹੀ ਬੋਲ-ਚਾਲ ਵਿਚ ਹੀ ਸਭ ਕੁਝ ਸਮਝਾ ਦਿੰਦੇ। ਉਹਨਾਂ ਨੇ ਕਾਮਿਆਂ ਨੂੰ ਕਹਿ ਰਖਿਆ ਸੀ ਕਿ ਉਹਨਾਂ ਨੂੰ ਬੇਲੋੜਾ ਨਾ ਬੁਲਾਇਆ ਜਾਏ, ਜਦੋਂ ਕਦੇ ਉਹਨਾਂ ਨੂੰ ਲੋੜ ਪਵੇ ਤਾਂ ਬਜਾਏ ਝਿੜੀ (ਦਰਖਤਾਂ ਦਾ ਝੁੰਡ) ਵਿਚ ਜਾਣ ਦੇ ਉੱਚੀ ਦੇਣੀ 'ਭਾਈ ਸਾਹਿਬ' ਕਹਿ ਕੇ ਆਵਾਜ਼ ਦੇ ਦਿਤੀ ਜਾਵੇ ।

ਕਾਮੇ ਬੜੇ ਸਾਊ ਸਨ। ਸਿੰਘ ਸਾਹਿਬ ਵਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਕੰਮ ਕਰਦੇ ਰਹਿੰਦੇ ਅਤੇ ਜਦ ਕਦੇ ਲੋੜ ਪੈਂਦੀ ਤਾਂ ਉੱਚੀ ਦੇਣੀ 'ਭਾਈ ਸਾਹਿਬ' ਕਹਿ ਕੇ ਆਵਾਜ਼ ਦਿੰਦੇ। ਸਿੰਘ ਸਾਹਿਬ ਆਕੇ ਕੰਮ ਕਾਰ ਦੇਖ ਜਾਂਦੇ



Namdhari Elibrary NamdhariElibrary@gmail.com

ਅਤੇ ਮੁੜ ਭਿੜੀ ਵਿਚ ਜਾ ਕੇ 'ਸਚੀ ਕਾਰੇ' ਜੁਟ ਜਾਂਦੇ।

ਉਨ੍ਹਾਂ ਹੀ ਦਿਨਾਂ ਵਿਚ ਗੁਲਾਮ ਮੁਹੰਮਦ ਨਾਂ ਦਾ ਬਰਮੀ ਮੁਸਲਮਾਨਾਂ ਦਾ ਮੁੰਡਾ ਓਵਰਸੀਅਰੀ ਦਾ ਕੋਰਸ ਕਰਕੇ ਟਰੇਨਿੰਗ ਵਾਸਤੇ ਉਸੇ ਹੀ ਗੋਦੀ ਵਿਚ ਆਇਆ ਹੋਇਆ ਸੀ। ਕੁਦਰਤ ਵਲੋਂ ਉਸ ਦਾ ਸੁਭਾ ਭੀ ਬਹੁਤ ਬੋਲਣ ਤੋਂ ਸੰਕੋਚ ਕਰਨ ਦਾ ਸੀ। ਉਹ ਭੀ ਕਾਮਿਆਂ ਨਾਲ ਬਹੁਤੀ ਗਲਬਾਤ ਨਾ ਕਰਦਾ ਅਤੇ ਆਪਣੇ ਰੰਗ ਵਿਚ ਮਸਤ ਰਹਿੰਦਾ।

ਸਿੰਘ ਸਾਹਿਬ ਆਪਣੇ ਚਾਚਾ ਜੀ ਦੀ ਕੋਠੀ ਵਿਚ ਰਹਿੰਦੇ ਸਨ ਤੇ ਕੰਮ ਤੇ ਪੈਦਲ ਹੀ ਜਾਂਦੇ ਸਨ, ਜਿਹੜਾ ਕਿ ਢਾਈ ਕੁ ਮੀਲ ਦਾ ਪੈਂਡਾ ਸੀ। ਰਸਤੇ ਵਿਚ ਗੁਲਾਮ ਮੁਹੰਮਦ ਭੀ ਸਿੰਘ ਸਾਹਿਬ ਨਾਲ ਰਲ ਜਾਂਦਾ ਅਤੇ ਕਦੀ ਕਦਾਈਂ ਕੋਈ ਗੱਲਬਾਤ ਪੁੱਛ ਗਿਛ ਲੈਂਦਾ।

ਇਕ ਦਿਨ ਗੁਲਾਮ ਮੁਹੰਮਦ ਨੇ ਸਿੰਘ ਸਾਹਿਬ ਨੂੰ ਪੁਛਿਆ, 'ਭਾਈ ਸਾਹਿਬ ! ਆਪ ਅਕੇਲੇ ਜਾਕਰ ਦਰਖਤੋਂ ਕੇ ਝੁੰਡ ਮੇਂ ਬੈਠ ਜਾਤੇ ਹੈਂ, ਆਪ ਕੋ ਡਰ ਨਹੀਂ ਲਗਤਾ, ਵਹਾਂ ਤੋਂ ਸਾਂਪ ਸਪੋਲੀਏ ਬਹੁਤ ਰਹਿਤੇ ਹੋਂਗੇ ?'......'ਮੈਂ ਨੇ ਤੋ ਕੋਈ ਸਾਂਪ ਦੇਖਾ ਨਹੀਂ ਯਹਾਂ ਆ ਕਰ। ਏਕ ਦਿਨ ਰਾਸਤੇ ਮੇਂ ਆਤੇ ਹੂਏ ਏਕ ਦੇਖਾ ਥਾ, ਵੋਹ ਭੀ ਮਰਾ ਹੂਆ। ਕਰੀਮ ਬਖ਼ਸ਼ ਮੇਰੇ ਆਗੇ ਥਾ, ਉਸ ਨੇ ਸਾਂਪ ਦੇਖਤੇ ਹੀ ਮਾਰ ਦੀਆ ਥਾ।' ਸਿੰਘ ਸਾਹਿਬ ਨੇ ਉੱਤਰ ਦਿਤਾ। 'ਆਪ ਕਾ ਅਕੇਲੇ ਵਹਾਂ ਦਿਲ ਕੈਸੇ ਲਗਤਾ ਹੈ ?' ਗੁਲਾਮ ਮੁਹੰਮਦ ਨੇ ਫਿਰ ਪੁਛਿਆ। 'ਵੋਹ ਬਹੁਤ ਅੱਛੀ ਜਗ੍ਹਾ ਹੈ, ਅਲੱਗ ਥਲੱਗ ਹੈ, ਵਹਾਂ ਪਰ ਠੰਡ ਹੈ, ਸ਼ਾਂਤੀ ਹੈ, ਦਿਲ ਬਹੁਤ ਲਗਤਾ ਹੈ, ਸਿੰਘ ਸਾਹਿਬ ਨੇ ਇਉਂ ਉੱਤਰ ਦਿਤਾ। 'ਭਾਈ ਸਾਹਿਬ ! ਫਿਰ ਵਹਾਂ ਆਪ ਕਰਤੇ ਕਿਆ ਹੈਂ ?' ਗੁਲਾਮ ਮੁਹੰਮਦ ਨੇ ਫਿਰ ਪ੍ਰਸ਼ਨ ਕੀਤਾ। 'ਅੱਲਾ ਕਾ ਨਾਮ ਲੇਤੇ ਹੈਂ। ਤੁਮ ਭੀ ਲੀਆ ਕਰੋ!' ਸਿੰਘ ਸਾਹਿਬ ਬੋਲੇ। 'ਹਰ ਵਕਤ ਅੱਲਾ ਕਾ ਨਾਮ ਲੇਤੇ ਰਹਿਤੇ ਹੋ ?' ਗੁਲਾਮ ਮੁਹੰਮਦ ਨੇ ਹੈਰਾਨ ਹੋ ਕੇ ਪੁਛਿਆ। ਸਿੰਘ ਸਾਹਿਬ ਦਾ ਉੱਤਰ ਹਾਂ ਵਿਚ ਸੀ।

ਇਕ ਦਿਨ ਸਿੰਘ ਸਾਹਿਬ ਤੇ ਗੁਲਾਮ ਮੁਹੰਮਦ ਰਾਹੇ ਰਾਹ ਸ਼ਾਮ ਨੂੰ ਵਾਪਸ ਘਰ ਜਾ ਰਹੇ ਸਨ। ਥੋੜ੍ਹੀ ਦੇਰ ਸੋਚਣ ਤੋਂ ਬਾਦ ਗੁਲਾਮ ਮੁਹੰਮਦ ਬੋਲਿਆ 'ਭਾਈ ਸਾਹਿਬ ! ਅਲਾ ਕਾ ਨਾਮ ਕੈਸੇ ਲੀਆ ਜਾਏ ? ਹਮ ਕੋ ਇਸ ਕੇ ਬਾਰੇ ਕੁਛ ਪਤਾ ਨਹੀਂ।' 'ਆਪ ਕੋ ਮਸਜਦ ਮੇਂ ਕੋਈ ਬਤਾਤਾ ਨਹੀਂ ?' ਸਿੰਘ



Namdhari Elibrary NamdhariElibrary@gmail.com

ਸਾਹਿਬ ਨੇ ਪੁਛਿਆ। 'ਹਮ ਕੋ ਕਿਸੀ ਨੇ ਨਹੀਂ ਬਤਾਇਆ' ਗੁਲਾਮ ਮੁਹੰਮਦ ਨੇ ਕਿਹਾ; ਅਤੇ ਫੇਰ ਤਰਲਾ ਕੀਤਾ, 'ਆਪ ਹਮੇਂ ਬਤਾ ਦੋ ਨਾ।' 'ਜਬ ਕੋਈ ਮੁਸਲਮਾਨ ਮਰੇਗਾ ਤੋ ਤੁਮ ਕੋ ਬਤਲਾਏਂਗੇ...' ਸਿੰਘ ਸਾਹਿਬ ਨੇ ਗੁਲਾਮ ਮੁਹੰਮਦ ਨੂੰ ਕਿਹਾ। 'ਅਜੀ ਕਬ ਕੋਈ ਮੁਸਮਲਾਨ ਮਰੇ ਔਰ ਕਬ ਮੁਝੇ ਪਤਾ ਲਗੇ। ਮੁਝੇ ਤੋ ਅਭੀ ਬਤਾਓ' ਗੁਲਾਮ ਮੁਹੰਮਦ ਨੇ ਪੁਛਣ ਲਈ ਜ਼ਿੱਦ ਕੀਤੀ। 'ਗੁਲਾਮ ਮੁਹੰਮਦ! ਇਤਨੀ ਜਲਦੀ ਮੇਂ ਨਾ ਆਓ। ਮਰਗੋਈ ਬਹੁਤ ਬੜਾ ਸ਼ਹਿਰ ਹੈ ਜਿਸ ਮੇਂ ਜ਼ਿਆਦਾ ਤਰ ਆਬਾਦੀ ਮੁਸਲਮਾਨੋਂ ਕੀ ਹੈ। ਅੱਲਾ ਕੇ ਹੁਕਮ ਮੁਤਾਬਕ ਲੋਗ ਜਨਮ ਲੇਤੇ ਔਰ ਮਰਤੇ ਰਹਿਤੇ ਹੈਂ। ਜਬ ਕੋਈ ਜਨਾਜ਼ਾ ਨਿਕਲੇਗਾ ਤੋ ਤੁਮਹੇਂ ਸਭ ਪਤਾ ਲਗ ਜਾਏਗਾ'...ਸਿੰਘ ਸਾਹਿਬ ਨੇ ਤਸੱਲੀ ਦਿੱਤੀ।

ਕੁਦਰਤ ਦੇ ਭਾਣੇ ਅਨੁਸਾਰ ਦੂਜੇ ਦਿਨ ਸਿੰਘ ਸਾਹਿਬ ਹੋਰਾਂ ਦੇ ਗੁਆਢ ਇਕ ਬੁੱਢੀ ਮੁਸਲਮਾਨ ਇਸਤ੍ਰੀ ਚੜ੍ਹਾਈ ਕਰ ਗਈ। ਸ਼ਾਮ ਨੂੰ ਜਦੋਂ ਸਿੰਘ ਸਾਹਿਬ ਅਤੇ ਗੁਲਾਮ ਮੁਹੰਮਦ ਕੰਮ ਤੋਂ ਵਾਪਸ ਆਏ ਤਾਂ ਸਿੰਘ ਸਾਹਿਬ ਨੇ ਗੁਲਾਮ ਮੁਹੰਮਦ ਨੂੰ ਕਿਹਾ 'ਲੋ ਭਈ ਗੁਲਾਮ ਮੁਹੰਮਦ! ਤੁਮਹਾਰਾ ਕਾਮ ਬਨ ਗਿਆ। ਅਭੀ ਵਹਾਂ ਪਰ ਆਪ ਕੇ ਮੁਸਲਮਾਨ ਭਾਈ ਇਕੱਠੇ ਹੋਂਗੇ। ਤੁਮ ਭੀ ਵਹਾਂ ਚਲੇ ਜਾਨਾ, ਔਰ ਜੈਸੇ ਵੋਹ ਕਰੇਂਗੇ ਤੁਮ ਭੀ ਵੈਸੇ ਹੀ ਕਰਨਾ।'

ਰਾਤ ਨੂੰ ਜਦੋਂ ਜਨਾਜ਼ੇ ਵਾਲੇ ਘਰ ਇਕੱਠ ਹੋਇਆ ਤਾਂ ਗੁਲਾਮ ਮੁਹੰਮਦ ਭੀ ਉਥੇ ਜਾ ਬੈਠਾ। ਇਕੱਠੇ ਹੋਏ ਲੋਕਾਂ ਨੇ 'ਹਿੱਲ-ਲਿੱਲਾ' ਦਾ ਜਾਪ ਸ਼ੁਰੂ ਕਰ ਦਿੱਤਾ। ਜਦੋਂ ਸਾਹ ਥੱਲੇ ਨੂੰ ਜਾਂਦਾ ਤਾਂ ਹਿੱਲ' ਅਤੇ ਜਦੋਂ ਸਾਹ ਉਪਰ ਨੂੰ ਆਉਂਦਾ ਤਾਂ 'ਲਿੱਲਾ' ਕਹਿੰਦੇ। ਇਹ ਜਾਪ ਐਨ ਉਸੇ ਹੀ ਤਰ੍ਹਾਂ ਸੀ ਜਿਵੇਂ 'ਵਾਹਿਗੁਰ' ਜਾਪ ਲਈ ਸਵਾਸਾਂ ਦੇ ਹੇਠ ਜਾਣ ਤੇ 'ਵਾਹੁ' ਅਤੇ ਸਵਾਸਾਂ ਦੇ ਉਤੇ ਜਾਣ ਤੇ 'ਗੁਰ' ਦਾ ਅਲਾਪ ਕੀਤਾ ਜਾਂਦਾ ਹੈ।

ਗੁਲਾਮ ਮੁਹੰਮਦ ਨੇ ਭੀ ਦੇਖਾ ਦੇਖੀ ਉਸੇ ਹੀ ਤਰ੍ਹਾਂ 'ਹਿੱਲ-ਲਿੱਲਾ' ਦਾ ਜਾਪ ਸ਼ੁਰ ਕਰ ਦਿੱਤਾ। ਕੋਈ ਪੌਣਾ ਘੰਟਾ ਇਹ ਜਾਪ ਹੁੰਦਾ ਰਿਹਾ। ਗੁਲਾਮ ਮੁਹੰਮਦ ਨੇ ਇਸ ਜਾਪ ਵਿਚ ਇਕ ਅਨੋਖਾ ਜਿਹਾ ਆਨੰਦ ਮਹਿਸੂਸ ਕੀਤਾ।

ਉਸ ਦਿਨ ਤੋਂ ਬਾਅਦ ਗੁਲਾਮ ਮੁਹੰਮਦ 'ਹਿੱਲ-ਲਿੱਲਾ' ਦਾ ਜਾਪ ਕਰਨ ਦੇ ਯਤਨਾਂ ਵਿੱਚ ਜੁਟ ਗਿਆ। ਉਸ ਦੇ ਮਨ ਵਿਚ ਸਿੰਘ ਸਾਹਿਬ ਦੇ ਸਿਮਰਨ ਨੂੰ ਸਮਝਣ ਲਈ ਭੀ ਸ਼ੌਕ ਪੈਦਾ ਹੋ ਗਿਆ। ਉਹ ਇਨ੍ਹਾਂ ਹੀ ਯਤਨਾਂ ਵਿਚ ਪੈ ਗਿਆ ਕਿ ਸਿੰਘ



Namdhari Elibrary NamdhariElibrary@gmail.com

ਸਾਹਿਬ ਵਾਲੇ ਜਾਪ ਦੀ ਸੂਹ ਕਢੀ ਜਾਏ ।

ਸਿੰਘ ਸਾਹਿਬ ਗੁਰੂ ਕਿਰਪਾ ਅਨੁਸਾਰ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਕਰਕੇ ਆਪਣੇ ਕਮਰੇ ਅੰਦਰ ਚਲੇ ਜਾਂਦੇ ਅਤੇ ਬੂਹੇ ਦਾ ਕੁੰਡਾ ਲਗਾ ਕੇ ਚੌਕੜਾ ਮਾਰ ਸੁਰਤੀ ਟਿਕਾ ਕੇ ਬੈਠ ਜਾਂਦੇ ਅਰ ਗੁਰਮੰਤਰ ਦਾ ਜਾਪ ਕਰਦੇ । ਪਹੁ ਫੁਟਾਲਾ ਹੋਣ ਦੇ ਕਰੀਬ ਨਿਤਨੇਮ ਦਾ ਪਾਠ ਆਰੰਭ ਦਿੰਦੇ । ਪਾਠ ਤੋਂ ਬਾਅਦ ਅਰਦਾਸ ਕਰਦੇ, ਏਨੇ ਨੂੰ ਖਾਣਾ ਤਿਆਰ ਹੋ ਜਾਂਦਾ । ਖਾਣਾ ਖਾ ਕੇ ਕੰਮ ਲਈ ਤੁਰ ਪੈਂਦੇ ।

ਇਕ ਦਿਨ ਗੁਲਾਮ ਮੁਹੰਮਦ ਸਵੱਖਤੇ ਹੀ ਸਿੰਘ ਸਾਹਿਬ ਦੇ ਕਮਰੇ ਅੱਗੇ ਆ ਬੈਠਾ ਅਤੇ ਬੜੀ ਉਤਸੁਕਤਾ ਨਾਲ ਬੂਹੇ ਦੀਆਂ ਝੀਤਾਂ ਥਾਣੀਂ ਦੇਖਣ ਲੱਗਾ ਕਿ ਸਿੰਘ ਸਾਹਿਬ ਅੰਦਰ ਕੀ ਕਰਦੇ ਹਨ । ਉਸ ਦਿਨ ਸਿੰਘ ਸਾਹਿਬ ਅੰਦਰੋਂ ਕੁੰਡਾ ਲਾਉਣਾ ਭੁੱਲ ਗਏ ਸਨ, ਜਿਸ ਕਾਰਨ ਦੋਨਾਂ ਬੂਹਿਆਂ ਵਿਚਕਾਰ ਚੋਖੀ ਵਿੱਥ ਹੋ ਗਈ ਸੀ । ਜਦ ਗੁਲਾਮ ਮੁਹੰਮਦ ਨੇ ਉਸ ਵਿੱਥ ਵਿਚੀਂ ਸਿੰਘ ਸਾਹਿਬ ਨੂੰ ਨਾਮ ਜਪਦਿਆਂ ਵੇਖਿਆ ਤਾਂ ਉਸ ਨੂੰ ਸਿੰਘ ਸਾਹਿਬ ਦੇ ਚਿਹਰੇ ਤੇ ਨੂਰ ਟਪਕਦਾ ਭਾਸਿਆ । ਅਗੰਮੀ ਨੂਰ ਨੂੰ ਚੰਗੀ ਤਰ੍ਹਾਂ ਵੇਖਣ ਲਈ ਉਹ ਕੁਰਸੀ ਤੋਂ ਉਠ ਕੇ ਬੂਹੇ ਅੱਗੇ ਫ਼ਰਸ਼ ਤੇ ਹੀ ਬਹਿ ਗਿਆ । ਸਿੰਘ ਸਾਹਿਬ ਦੀ ਚਾਚੀ ਜੀ ਨੇ ਗੁਲਾਮ ਮੁਹੰਮਦ ਨੂੰ ਕੁਰਸੀ ਤੇ ਬੈਠਣ ਲਈ ਕਿਹਾ ਪਰ ਉਹ ਆਪਣੇ ਕਪੜਿਆਂ ਦੀ ਪਰਵਾਹ ਨਾ ਕਰਦਾ ਹੋਇਆ ਫ਼ਰਸ਼ ਤੇ ਹੀ ਬੈਠਾ ਰਿਹਾ । ਉਸ ਨੇ ਮਲਕੜੇ ਜਿਹੇ ਬੂਹੇ ਨੂੰ ਧਕ ਕੇ ਵਿਰਲ ਥੋੜ੍ਹੀ ਹੋਰ ਕਰ ਲਈ ਅਤੇ ਸਿੰਘ ਸਾਹਿਬ ਦੇ ਚੇਹਰੇ ਵਲ ਟਿਕਟਕੀ ਲਗਾ ਕੇ ਬੈਠਾ ਰਿਹਾ ।

'ਵਾਹੁ-ਗੁਰੂ', 'ਵਾਹ-ਗੁਰੂ' ਦੀ ਮੱਧਮ ਜੇਹੀ ਆਵਾਜ਼ ਗੁਲਾਮ ਮੁਹੰਮਦ ਦੇ ਕੰਨੀਂ ਪੈਂਦੀ ਰਹੀ ਅਤੇ ਉਹ ਮੁਗਧ ਹੋ ਕੇ ਬੈਠਾ ਰਿਹਾ । ਕੁਝ ਦੇਰ ਬਾਅਦ ਸਿੰਘ ਸਾਹਿਬ ਨੇ ਨੈਣ ਖੋਹਲੇ । ਜਦ ਬੂਹੇ ਦੀ ਚਿਟਕਣੀ ਖੁਲ੍ਹੀ ਦੇਖੀ ਤਾਂ ਉਠ ਕੇ ਚਿਟਕਣੀ ਲਗਾ ਦਿਤੀ ਅਤੇ ਨਿੱਤਨੇਮ ਦੇ ਪਾਠ ਵਿਚ ਜੁਟ ਗਏ । ਪਾਠ ਤੋਂ ਉਪ੍ਰੰਤ ਅਰਦਾਸ ਕੀਤੀ ਅਤੇ ਬੂਹਾ ਖੋਲ੍ਹ ਕੇ ਬਾਹਰ ਆ ਗਏ । ਗੁਲਾਮ ਮੁਹੰਮ- ਬੂਹੇ ਦੀ ਆਵਾਜ਼ ਸੁਣਦੇ ਹੀ ਇਕ-ਦਮ ਕੁਰਸੀ ਤੇ ਜਾ ਬੈਠਾ ਸੀ ।

ਉਸ ਦਿਨ ਤੋਂ ਗੁਲਾਮ ਮੁਹੰਮਦ ਨੇ 'ਹਿੱਲ-ਲਿੱਲਾ' ਦੀ ਥਾਂ 'ਵਾਹੁ-ਗੁਰ ਦਾ ਜਾਪ ਅਪਣਾ ਲਿਆ ਅਤੇ ਗੁਰਮਤਿ ਵਲ ਡਾਢਾ ਪ੍ਰੇਰਿਆ ਗਿਆ ਉਸ ਨੇ ਸਿੰਘ ਸਾਹਿਬ ਨੂੰ ਅੰਗਰੇਜ਼ੀ ਵਿਚ ਨਿੱਤਨੇਮ ਦੀ ਪੁਸਤਕ ਦੇ



Namdhari Elibrary NamdhariElibrary@gmail.com

ਲਈ ਬੇਨਤੀ ਕੀਤੀ ਕਿਉਂ ਜੋ ਉਹ ਪੰਜਾਬੀ ਜਾਂ ਉਰਦੂ ਨਹੀਂ ਜਾਣਦਾ ਸੀ। ਨਿੱਤਨੇਮ ਦੀ ਪੁਸਤਕ ਤਾਂ ਸਿੰਘ ਸਾਹਿਬ ਨੂੰ ਮਿਲੀ ਨਾ ਪਰ ਅੰਗਰੇਜ਼ੀ ਵਿਚ 'ਸਿਖ ਇਤਿਹਾਸ' ਦੀ ਇਕ ਪੁਸਤਕ ਉਹਨਾਂ ਨੂੰ ਆਪਣੇ ਚਾਚਾ ਜੀ ਪਾਸੋਂ ਮਿਲ ਗਈ ਜਿਹੜੀ ਕਿ ਗੁਲਾਮ ਮੁਹੰਮਦ ਨੂੰ ਦੇ ਦਿਤੀ ਗਈ।

ਗੁਲਾਮ ਮੁਹੰਮਦ ਨੇ ਸਿਖ ਇਤਿਹਾਸ ਬੜੇ ਗਹੁ ਨਾਲ ਪੜ੍ਹਨਾ ਸ਼ੁਰੂ ਕਰ ਦਿਤਾ। ਸਵੇਰ ਸ਼ਾਮ ਕੰਮ ਤੇ ਜਾਂਦੇ ਆਉਂਦੇ ਸਿੰਘ ਸਾਹਿਬ ਨਾਲ ਗਲਬਾਤ ਹੁੰਦੀ ਰਹਿੰਦੀ। ਗੁਲਾਮ ਮੁਹੰਮਦ ਦੀ ਸਿਖ ਧਰਮ ਵਿਚ ਰੁਚੀ ਦਿਨੋ ਦਿਨ ਵਧਦੀ ਗਈ। ਕੁਝ ਦਿਨਾਂ ਬਾਅਦ ਉਸ ਨੂੰ ਅੰਗਰੇਜ਼ੀ ਵਿਚ ਜਪੁਜੀ ਸਾਹਿਬ ਦੀ ਪੁਸਤਕ ਭੀ ਮਿਲ ਗਈ ਜਿਸ ਨੂੰ ਕਿ ਉਸ ਨੇ ਰਟਣਾ ਸ਼ੁਰੂ ਕਰ ਦਿਤਾ।

ਗੁਲਾਮ ਮੁਹੰਮਦ ਹਫ਼ਤੇ ਵਿਚ ਜੁਮੇਂ ਵਾਲੇ ਦਿਨ ਨਮਾਜ਼ ਪੜ੍ਹਨ ਮਸੀਤੇ ਜਾਇਆ ਕਰਦਾ ਸੀ। ਹੁਣ ਉਸ ਨੇ ਮਸੀਤੇ ਜਾਣਾ ਛੱਡ ਦਿਤਾ ਸੀ। ਉਹ ਜਪੁਜੀ ਸਾਹਿਬ ਦਾ ਪਾਠ ਕਰਦਾ, 'ਵਾਹੁ-ਗੁਰ, ਵਾਹੁ-ਗੁਰ ਜਪਦਾ, ਸਿਖ ਇਤਿਹਾਸ ਪੜ੍ਹਦਾ ਅਤੇ ਸਿੰਘ ਸਾਹਿਬ ਦੀ ਸੰਗਤਿ ਵਿਚ ਰਹਿੰਦਾ। ਇਕ ਦਿਨ ਗੁਲਾਮ ਮੁਹੰਮਦ ਨੇ ਹੇਠ ਲਿਖਿਆ ਸ਼ਬਦ ਜਿਹੜਾ ਕਿ ਉਸ ਨੇ ਜ਼ਬਾਨੀ ਯਾਦ ਕਰ ਲਿਆ ਸੀ, ਸਿੰਘ ਸਾਹਿਬ ਨੂੰ ਬੜੇ ਪ੍ਰੇਮ ਵਿਚ ਆ ਕੇ ਸੁਣਾਇਆ :—

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲਿ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ
ਮਸਲਮਾਨੀਆ ਪੜਹਿ ਕਤੇਬਾ,
ਕਸਟ ਮਹਿ ਕਰਹਿ ਖੁਦਾਇ ਵ ਲਾਲੋ।
ਜਾਤਿ ਸਨਾਤੀ ਹੋਰਿ ਹਿੰਦਵਾਣੀਆ,
ਏਹਿ ਭੀ ਲੇਖੈ ਲਾਇ ਵੇ ਲਾਲੋ।



Namdhari Elibrary NamdhariElibrary@gmail.com

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ,
ਰਤੁ ਕਾ ਕੁੰਗੂ ਪਾਇ ਵੇ ਲਾਲੋ ।'

(ਤਿਲੰਗ ਮ: ੧)

ਇਸ ਸ਼ਬਦ ਨੂੰ ਉਹ ਅਕਸਰ ਗਾਇਆ ਕਰਦਾ, ਜਦੋਂ ਭੀ ਉਹ ਇਕੱਲਾ ਹੁੰਦਾ ਤਾਂ ਉਸ ਦੇ ਮੂੰਹ ਵਿਚੋਂ ਇਹ ਤੁਕਾਂ ਸੁਣਾਈ ਦਿੰਦੀਆਂ :—

"ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ ।"

ਅਤੇ ਜਾਂ ਫਿਰ ਵਾਹਿਗੁਰ ਵਾਹਿਗੁਰ ਦੀ ਧੁਨਿ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੇਠਲੇ ਸ਼ਲੋਕਾਂ ਨੇ ਤਾਂ ਉਸ ਦੀ ਕਾਇਆਂ ਹੀ ਪਲਟ ਦਿਤੀ :—

ਸਲੋਕ ਮ: ੧ ॥

ਮਿਹਰ ਮਸੀਤਿ, ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ ।
ਸਰਮ ਸੁੰਨਤਿ ਸੀਲੁ ਰੋਜਾ, ਹੋਹੁ ਮੁਸਲਮਾਣੁ ।
ਕਰਣੀ ਕਾਬਾ ਸਚੁ ਪੀਰੁ, ਕਲਮਾ ਕਰਮ ਨਿਵਾਜ ।
ਤਸਬੀ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜ ॥੧॥

ਮ: ੧ ॥

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ।
ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ ।
ਨਾਨਕ ਗਲੀ ਕੂੜੀਈ, ਕੂੜੋ ਪਲੈ ਪਾਇ ॥੨॥

ਮ: ੧ ॥

ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ ।
ਪਹਿਲਾ ਸਚੁ, ਹਲਾਲੁ ਦੁਇ, ਤੀਜਾ ਖੈਰ ਖੁਦਾਇ ।
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ ।
ਕਰਣੀ ਕਲਮਾ ਆਖਿਕੈ, ਤਾ ਮੁਸਲਮਾਣ ਸਦਾਇ ।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

(ਵਾਰ ਮਾਝ ਮ: ੧)



Namdhari Elibrary NamdhariElibrary@gmail.com

ਗੁਲਾਮ ਮੁਹੰਮਦ ਨੇ ਹਲਾਲ (ਮਾਸ) ਖਾਣਾ ਭੀ ਛਡ ਦਿਤਾ, ਸ਼ਰਾਬ ਤਾਂ ਉਹ ਪਹਿਲੋਂ ਹੀ ਨਹੀਂ ਪੀਂਦਾ ਸੀ । ਜਦੋਂ ਸਿੰਘ ਸਾਹਿਬ ਨੂੰ ਮਿਲਦਾ ਤਾਂ 'ਵਾਹਗੁਰ ਜੀ ਕਾ ਖਾਲਸਾ, ਵਾਹਗੁਰ ਜੀ ਕੀ ਫ਼ਤਹਿ' ਗਜਾਉਂਦਾ । ਉਹ ਆਪਣਾ ਚੇਹਰਾ ਹਰ ਰੋਜ਼ ਬੜੇ ਗਹੁ ਨਾਲ ਸ਼ੀਸ਼ੇ ਵਿਚ ਵੇਖਦਾ । ਉਸ ਨੂੰ ਦਿਨੋ ਦਿਨ ਆਪਣੇ ਚਿਹਰੇ ਤੇ ਲਾਲੀ ਵਧਦੀ ਨਜ਼ਰ ਆਉਂਦੀ । ਉਹ ਆਪਣੇ ਚਿਹਰੇ ਦੀ ਦਿਨੋ ਦਿਨ ਵਧਦੀ ਲਾਲੀ ਦਾ ਸਿੰਘ ਸਾਹਿਬ ਕੋਲ ਭੀ ਜ਼ਿਕਰ ਕਰਦਾ । ਉਹ ਕਹਿੰਦਾ 'ਲੋਗ ਕਹਿਤੇ ਹੈਂ ਕਿ ਹਲਾਲ ਨਾ ਖਾਨੇ ਸੇ ਸੇਹਤ ਕਮਜ਼ੋਰ ਹੋ ਜਾਤੀ ਹੈ ਮਗਰ ਮੇਰੇ ਚੇਹਰੇ ਪਰ ਤੋਂ ਲਾਲੀ ਬੜਤੀ ਜਾਤੀ ਹੈ । ਕਿਉਂ ਭਾਈ ਸਾਹਿਬ ! ਠੀਕ ਹੈ ਕਿ ਨਾ ?' ਸਿੰਘ ਸਾਹਿਬ ਠੀਕ ਹੈ ਵਿਚ ਉੱਤਰ ਦਿੰਦੇ । ਕਦੀ ਕਦੀ ਉਹ ਇਹ ਭੀ ਕਹਿੰਦਾ, 'ਭਾਈ ਸਾਹਿਬ ! ਮੇਰੇ ਚੇਹਰੇ ਪਰ ਵੈਸਾ ਲਾਲੀ ਕਬ ਆਏਗੀ ਜੈਸੇ ਕਿ ਮੈਂ ਨੇ ਉਸ ਦਿਨ ਸੁਬ੍ਹਾ ਆਪਕੇ ਚੇਹਰੇ ਪਰ ਦੇਖੀ ਥੀ ?' ਸਿੰਘ ਸਾਹਿਬ ਉਤਰ ਦਿੰਦੇ, 'ਗੁਲਾਮ ਮੁਹੰਮਦ ਤਸੱਲੀ ਰੱਖੋ । ਅਰਦਾਸ ਕੀਏ ਜਾਓ, ਸਤਿਗੁਰੂ ਏਕ ਦਿਨ ਜ਼ਰੂਰ ਬਖਸ਼ਸ਼ ਕਰੇਗਾ ।'

ਮੁਸਲਮਾਨਾਂ ਵਿੱਚ ਆਮ ਚਰਚਾ ਹੋਣ ਲਗ ਪਈ ਕਿ ਗੁਲਾਮ ਮੁਹੰਮਦ ਕਾਫਰ ਹੋ ਗਿਆ ਹੈ । ਮਸੀਤ ਦੇ ਮੌਲਵੀ ਨੂੰ ਬੜਾ ਰੰਜ ਹੋਇਆ । ਉਸ ਨੇ ਕਰੀਮ ਬਖਸ਼ ਨੂੰ, ਜਿਹੜਾ ਸਿੰਘ ਸਾਹਿਬ ਕੋਲ ਹੀ ਕੰਮ ਕਰਦਾ ਸੀ, ਕਿਹਾ ਕਿ ਉਹ ਗੁਲਾਮ ਮੁਹੰਮਦ ਨੂੰ ਮਸੀਤੇ ਨਮਾਜ਼ ਪੜ੍ਹਨ ਲਈ ਲਿਆਇਆ ਕਰੇ । ਇਕ ਦਿਨ ਬਹੁਤ ਜ਼ੋਰ ਪਾਉਣ ਤੇ ਗੁਲਾਮ ਮੁਹੰਮਦ ਮਸੀਤੇ ਚਲਿਆ ਗਿਆ । ਸਭਨਾਂ ਮੁਸਲਮਾਨਾਂ ਨੇ ਨਮਾਜ਼ ਪੜ੍ਹੀ ਪਰ ਮੁਹੰਮਦ ਪਿੱਛੇ ਖੜ੍ਹਾ ਹੀ ਰਿਹਾ । ਜਦੋਂ ਮੌਲਵੀ ਨੇ ਪੁੱਛਿਆ ਕਿ ਨਮਾਜ਼ ਕਿਉਂ ਨਹੀਂ ਪੜ੍ਹੀ ਤਾਂ ਉਸ ਨੇ ਸਾਫ ਕਹਿ ਦਿੱਤਾ ਕਿ ਦਿਲ ਨਹੀਂ ਕੀਤਾ ।

ਕਾਜ਼ੀ ਗੁਲਾਮ ਮੁਹੰਮਦ ਨੂੰ ਗੁਰਮਤਿ ਦੇ ਗਾਡੀ-ਰਾਹ ਤੋਂ ਮੋੜ ਨਾ ਸਕਿਆ । ਗੁਲਾਮ ਮੁਹੰਮਦ ਦੇ ਪਿਛਲੇ ਕਰਮ ਜਾਗ ਚੁੱਕੇ ਸਨ ਅਤੇ ਉਹ ਹੁਣ 'ਅੰਮ੍ਰਿਤ' 'ਅੰਮ੍ਰਿਤ' ਪਿਆ ਕੂਕਦਾ ਸੀ ।

---



Namdhari Elibrary NamdhariElibrary@gmail.com

## ੨

# ਕੀਰਤਨੁ ਹੋਆ ਰੈਣ ਸਬਾਈ

ਸਾਰਾ ਹੀ ਰਸਤਾ "ਕਿੰਕੁਰੀ ਅਨੂੰਪ ਵਾਜੈ" ਵਾਲੀ ਤੁਕ ਗੁਰਮੁਖ ਦੇ ਕੰਨਾਂ ਵਿਚ ਗੂੰਜਦੀ ਰਹੀ, ਘਰ ਆਕੇ ਉਸਨੇ ਅਤੇ ਉਸਦੀ ਭੂਆ ਦੇ ਪੁੱਤਰ ਨੇ ਇਸ਼ਨਾਨ ਕੀਤੇ। ਉਸਦੀ ਭੂਆ ਦਾ ਪੁੱਤਰ ਸਕੇਸ਼ (ਕੇਸ਼ਾਂ ਸਮੇਤ) ਇਸ਼ਨਾਨ ਕਰਕੇ ਬੈਠਕ ਵਿਚ ਬੈਠ ਗਿਆ ਅਤੇ ਗੁਰਬਾਣੀ ਨਿੱਤਨੇਮ ਦਾ ਪਾਠ ਕਰਨ ਲਗ ਪਿਆ।

ਗੁਰਮੁਖ ਕਦੇ ਕਦਾਈਂ ਜਪੁਜੀ ਸਾਹਿਬ ਦਾ ਪਾਠ ਕਰ ਲਿਆ ਕਰਦਾ ਸੀ, ਉਸ ਦਿਨ ਭੀ ਉਸ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਉਹ ਬੈਠਕ ਦੇ ਨਾਲ ਦੇ ਕਮਰੇ ਵਿਚ ਆਪਣੀ ਭੂਆ ਦੇ ਪੁਤਰ ਨੂੰ ਪਾਠ ਕਰਦਾ ਸੁਣਦਾ ਰਿਹਾ। ਕੁਝ ਦੇਰ ਜਾਪ ਸਾਹਿਬ ਦਾ ਪਾਠ ਸੁਨਣ ਤੋਂ ਬਾਅਦ ਗੁਰਮੁਖ ਨੂੰ ਭੀ ਜਾਪੁ ਸਾਹਿਬ ਦਾ ਪਾਠ ਕਰਨ ਦਾ ਉਤਸਾਹ ਪੈਦਾ ਹੋਇਆ। ਉਸਨੇ ਨਿਤਨੇਮ ਦਾ ਗੁਟਕਾ ਲੈ ਕੇ ਪਾਠ ਸ਼ੁਰੂ ਕਰ ਦਿਤਾ। ਜਾਪੁ ਸਾਹਿਬ ਦਾ ਪਾਠ ਉਸਨੂੰ ਔਖਾ ਲਗਾ ਕਿਉਂਕਿ ਇਹ ਪਾਠ ਉਸ ਨੇ ਪਹਿਲੀ ਵੇਰ ਕੀਤਾ ਸੀ। ਜਿੰਨੀ ਦੇਰ ਵਿਚ ਗੁਰਮੁਖ ਨੇ ਜਪੁਜੀ ਅਤੇ ਜਾਪੁ ਸਾਹਿਬ ਦਾ ਪਾਠ ਕੀਤਾ ਉਨੀ ਦੇਰ ਵਿਚ ਉਸਦੀ ਭੂਆ ਦੇ ਪੁੱਤਰ ਨੇ ਪੰਜ ਬਾਣੀਆਂ ਜਪੁ, ਜਾਪੁ, ਸਵੈਯੇ, ਚੌਪਈ ਅਤੇ ਆਨੰਦ ਸਾਹਿਬ ਦਾ ਪਾਠ ਕਰ ਲਿਆ ਸੀ। ਪਾਠ ਤੋਂ ਉਪਰੰਤ ਗੁਰਮੁਖ ਦੀ ਭੂਆ ਦੇ ਪੁੱਤਰ ਨੇ ਅਰਦਾਸ ਕੀਤੀ। ਏਨੇ ਨੂੰ ਉਸਦੇ ਗਿੱਲੇ ਵਾਲਾਂ ਵਿਚ ਹਵਾ ਫਿਰ ਚੁਕੀ ਸੀ। ਅਰਦਾਸ ਕਰਕੇ ਉਸਨੇ ਕੇਸ ਕੰਘ ਕਰ ਕੇ ਦਸਤਾਰ ਸਜਾ ਲਈ ਅਤੇ ਸਵੇਰ ਦੇ ਨਾਸ਼ਤੇ ਲਈ ਤਿਆਰ ਹੋ ਗਿਆ। ਗੁਰਮੁਖ ਨਾਲ ਦੇ ਕਮਰੇ ਵਿਚ ਹੈਰਾਨ ਹੋਇਆ ਸੋਚਦਾ ਰਿਹਾ ਕਿ ਏਨੀ ਛੇਤੀ ਉਸਦੀ ਭੂਆ ਦੇ ਪੁੱਤਰ ਨੇ ਸਵੇਰ ਦੇ ਸਾਰੇ ਨਿੱਤਨੇਮ ਦਾ ਪਾਠ ਕਰ ਲਿਆ।



Namdhari Elibrary NamdhariElibrary@gmail.com

ਗੁਰਮੁਖ ਨੂੰ ਲੁਧਿਆਣੇ ਆਇਆਂ ਥੋੜ੍ਹੀ ਦੇਰ ਹੀ ਹੋਈ ਸੀ। ਕੁਝ ਮਹੀਨਿਆਂ ਬਾਅਦ ਖਾਲਸੇ ਦਾ ਜਨਮ ਦਿਨ ਵੈਸਾਖੀ ਦਾ ਪੁਰਬ ਨੇੜੇ ਆ ਗਿਆ। ਉਸ ਨੂੰ ਪਤਾ ਲਗਿਆ ਕਿ ਮਾਡਲ ਟਾਊਨ ਸਿੰਘ ਸਭਾ ਗੁਰਦੁਵਾਰੇ ਵੈਸਾਖੀ ਵਾਲੇ ਦਿਨ ਸਾਰੀ ਰਾਤ ਕੀਰਤਨ ਹੋਵੇਗਾ। ਵੈਸਾਖੀ ਦੇ ਸਵੇਰ ਦੇ ਦੀਵਾਨ ਤਾਂ ਉਸਨੇ ਆਪਣੇ ਮੁਹੱਲੇ ਦੇ ਗੁਰਦੁਵਾਰੇ ਹੀ ਹਾਜ਼ਰੀ ਭਰੀ ਪਰ ਰਾਤ ਨੂੰ ਮਾਡਲ ਟਾਊਨ ਗੁਰਦੁਵਾਰੇ ਚਲਿਆ ਗਿਆ। ਉਹ ਅੱਠ ਕੁ ਵਜੇ ਦੇ ਕਰੀਬ ਗੁਰਦਵਾਰੇ ਪੁਜਿਆ ਅਤੇ ਸਿਖ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕ ਕੇ ਦੀਵਾਨ ਵਿਚ ਬੈਠ ਗਿਆ। ਕੀਰਤਨ ਹੋ ਰਿਹਾ ਸੀ ਅਤੇ ਆ ਰਹੀਆਂ ਸੰਗਤਾਂ ਦੀਆਂ ਲਾਈਨਾਂ ਲਗੀਆਂ ਹੋਈਆਂ ਸਨ। ਕਈ ਪਿਛੋਂ ਆਉਣ ਵਾਲੇ ਸਜਣ ਮੂਹਰੇ ਹੋ ਹੋ ਬੈਠਦੇ ਸਨ ਤਾਂ ਜੋ ਕੀਰਕਨ ਦਾ ਰਸ ਵਧੇਰੇ ਚੰਗੀ ਤਰ੍ਹਾਂ ਮਾਣਿਆ ਜਾ ਸਕੇ। ਰਾਤ ਗਿਆਰਾਂ ਵਜੇ ਤਕ ਆਉਣ ਵਾਲੀਆਂ ਸੰਗਤਾਂ ਦਾ ਤੰਤਾ ਬੱਝਾ ਰਿਹਾ ਅਤੇ ਪੰਡਾਲ ਖਚਾਖਚ ਭਰ ਗਿਆ।

ਗੁਰਮੁਖ ਸ਼ਸਤਰਾਂ ਅਤੇ ਦਸਤਾਰਾਂ ਵਾਲੇ ਸਿੰਘ ਸਿੰਘਣੀਆਂ ਦੇ ਦੀਦਾਰੇ ਕਰ ਕਰ ਨਿਹਾਲ ਹੁੰਦਾ ਰਿਹਾ। ਕਈ ਸਿੰਘਾਂ ਨੂੰ ਉਸਨੇ ਅੱਖਾਂ ਬੰਦ ਕੀਤੀ ਅਤੇ ਸਮਾਧੀ ਲਗਾਏ ਕੀਰਤਨ ਦਾ ਰਸ ਮਾਣਦਿਆਂ ਨੂੰ ਅਡੋਲ ਬੈਠੇ ਦੇਖਿਆ। ਉਸ ਦੇ ਲਾਗੇ ਇਕ ੭੦—੮੦ ਸਾਲ ਦਾ ਤਿਆਰ ਬਰ ਤਿਆਰ ਸਿੰਘ ਚੌਂਕੜਾ ਮਾਰੀ ਬੈਠਾ ਸੀ ਜਿਸਦਾ ਰੰਗ ਗੋਰਾ, ਦਾੜ੍ਹਾ ਦੁੱਧ ਚਿੱਟਾ ਅਤੇ ਸਰੀਰ ਪਤਲਾ ਅਰ ਲੰਬਾ ਸੀ। ਉਸਦੀ ਸੁਰਮਈ ਦਸਤਾਰ ਤੇ ਖੰਡਾ ਚੱਕਰ ਲਿਸ਼ਕਾਂ ਮਾਰ ਰਿਹਾ ਸੀ। ਗਾਤਰੇ ਛੋਟੀ ਕ੍ਰਿਪਾਨ ਤੋਂ ਛੁਟ ਵੱਡੀ ਤਿੰਨ ਫੁਟੀ ਕ੍ਰਿਪਾਨ ਬਜ਼ੁਰਗ ਦੇ ਪਿੰਡੇ ਨਾਲ ਅਤਿ ਬਿਰਹੋ ਵਿਚ ਚੰਬੜੀ ਹੋਈ ਸਾਫ਼ ਨਜ਼ਰ ਆਉਂਦੀ ਸੀ। ਗੁਰਮੁਖ ਉਸ ਬਜ਼ੁਰਗ ਦੇ ਚਿਹਰੇ ਵਲ ਮੁੜ ਮੁੜ ਤਕਦਾ ਰਿਹਾ। ਜਿਉਂ ਜਿਉਂ ਉਹ ਉਸ ਵਲ ਵਧੇਰੇ ਦੇਖਦਾ ਤਿਉਂ ਤਿਉਂ ਉਸਦਾ (ਗੁਰਮੁਖ ਦਾ) ਉਸਨੂੰ ਵੇਖਣ ਨੂੰ ਵਧੇਰੇ ਦਿਲ ਕਰਦਾ। ਜਿਉਂ ਜਿਉਂ ਸਮਾਂ ਬੀਤਦਾ ਗਿਆ ਤਿਉਂ ਤਿਉਂ ਉਸ ਬਜ਼ੁਰਗ ਦੇ ਚਿਹਰੇ ਦੀ ਲਾਲੀ ਵਧਦੀ ਗਈ।

ਬਾਰਾਂ ਬਜੇ ਤਕ ਗੁਰਮੁਖ ਇਕੋ ਥਾਂ ਬੈਠਾ ਕੀਰਤਨ ਸੁਣਦਾ ਰਿਹਾ ਅਤੇ ਸਿੰਘਾਂ ਦੇ ਦਰਸਨ ਕਰਦਾ ਰਿਹਾ। ਕੋਈ ਸਾਢੇ ਬਾਰਾਂ ਇਕ ਬਜੇ ਦੇ ਕਰੀਬ ਸੱਜੇ ਪਾਸੇ ਰਸਤੇ ਵਲੋਂ ਉੱਚੀ ਆਵਾਜ਼ ਵਿਚ ਇਹ ਤੁਕਾਂ ਉਹਦੇ ਕੰਨੀਂ ਪਈਆਂ :—



Namdhari Elibrary NamdhariElibrary@gmail.com

ਸੁਰ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ,
ਸੋ ਅੰਮ੍ਰਿਤੁ ਗੁਰਿ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ
ਸਚਾ ਮਨਿ ਵਸਾਇਆ ॥.........॥"

ਇਹ ਤੁਕਾਂ ਸੁਣਦੇ ਹੀ ਕੀਰਤਨੀਆਂ ਨੇ ਕੀਰਤਨ ਬੰਦ ਕਰ ਦਿਤਾ ਅਤੇ ਸਾਰੀ ਸੰਗਤ ਹੱਥ ਜੋੜਕੇ ਖਲੋ ਗਈ। ਮੂਹਰੇ ਮੂਹਰੇ ਪੀਲੇ ਚੋਲਿਆਂ ਵਿਚ ਅਤੇ ਹੱਥਾਂ ਵਿਚ ਨੰਗੀਆਂ ਕਿਰਪਾਨਾਂ ਲਈ ਪੰਜ ਪਿਆਰੇ ਅਤੇ ਉਨ੍ਹਾਂ ਦੇ ਪਿਛੇ ਗਾਤਰੇ ਕ੍ਰਿਪਾਨਾਂ ਪਾਈ, ਹਥ ਜੋੜੀ ਸਿੰਘ ਸਿੰਘਣੀਆਂ, ਬੱਚੇ ਬੱਚੀਆਂ ਗੁਰਮੁਖ ਦੇ ਨਜ਼ਰੀਂ ਪਏ। ਗੁਰਮੁਖ ਉਚਾ ਹੋ ਹੋ ਸਭ ਦੇ ਦਰਸ਼ਨ ਕਰਦਾ ਰਿਹਾ।

ਪੰਜ ਪਿਆਰੇ ਅਤੇ ਉਨ੍ਹਾਂ ਦੇ ਮਗਰਲੇ ਸਿੰਘ ਸਿੰਘਣੀਆਂ ਸ਼ਬਦ ਪੜ੍ਹਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਵਧਦੇ ਗਏ। ਸ਼ਬਦ ਦਾ ਭੋਗ ਪੈਣ ਤੇ ਸਾਰੀ ਸੰਗਤ ਗੁਰੂ ਸਾਹਿਬ ਅਗੇ ਸੀਸ ਨਿਵਾਇਕੇ ਥਾਉਂ ਥਾਈਂ ਸਜ ਗਈ ਅਤੇ ਮੁੜ ਕੀਰਤਨ ਹੋਣ ਲਗ ਪਿਆ।

ਇਹ ਨਜ਼ਾਰਾ ਦੇਖਕੇ ਗੁਰਮੁਖ ਦੀ ਲੂਈਂ ਖੜ੍ਹੀ ਹੋ ਗਈ। ਪੰਜਾਂ ਪਿਆਰਿਆਂ ਦੇ ਦਰਸ਼ਨ ਕਰਕੇ ਉਸਨੂੰ ਅਨੰਦਪੁਰ ਸਾਹਿਬ ਦੀ ਇਤਿਹਾਸਕ ਵੈਸਾਖੀ ਯਾਦ ਆ ਗਈ। ਉਸਨੂੰ ਭਾਸਿਆ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਪੰਜਾਂ ਪਿਆਰਿਆਂ ਸਮੇਤ ਆਪਣੇ ਸਿਖਾਂ ਨੂੰ ਤੰਬੂ ਵਿਚ ਅੰਮ੍ਰਿਤ ਛਕਾ ਕੇ ਸਾਧ ਸੰਗਤ ਵਿਚ ਰਲਾਉਣ ਲਈ ਨਾਲ ਲਿਆ ਰਹੇ ਹੋਣ। ਗੁਰਮੁਖ ਨੇ ਇਹ ਨਜ਼ਾਰਾ ਆਪਣੀ ਉਮਰ ਵਿਚ ਪਹਿਲੀ ਵੇਰ ਵੇਖਿਆ ਸੀ। ਸ਼ੁਕਰ ਵਿਚ ਆਕੇ ਉਸਦੀਆਂ ਅੱਖਾਂ ਵਿਚ ਹੰਝੂ ਭਰ ਆਏ।

ਗੁਰਮੁਖ ਨਿਰਬਾਣ ਕੀਰਤਨ ਸੁਣਦਾ ਰਿਹਾ ਅਤੇ ਸੁਣ ਸੁਣ ਖੀਵਾ ਹੁੰਦਾ ਰਿਹਾ। ਦੋ ਕੁ ਵਜੇ ਦੇ ਕਰੀਬ ਉਹ ਪਿਸ਼ਾਬ ਕਰਨ ਗਿਆ, ਪਿਸ਼ਾਬ ਕਰਕੇ ਜਦ ਉਹ ਵਾਪਸ ਆਇਆ ਤਾਂ ਪੰਡਾਲ ਦੇ ਸੱਜੇ ਪਾਸੇ ਕੰਧ ਨਾਲ ਖਲੋਤੇ ਉਸਦੇ ਮੁਹੱਲੇ ਦਾ ਇਕ ਸਿੰਘ ਮਿਲ ਪਿਆ, ਫਤਹਿ ਬੁਲਾ ਕੇ ਗੁਰਮੁਖ ਭੀ ਉਸ ਕੋਲ ਖੜ੍ਹ ਗਿਆ ਅਤੇ ਹੱਥ ਜੋੜ ਕੇ ਕੀਰਤਨ ਸੁਣਨ ਲਗ ਪਿਆ। ਕੁਛ ਦੇਰ ਬਾਅਦ ਗੁਰਮੁਖ ਨੇ ਉਸ ਨੂੰ ਪੁੱਛਿਆ, "ਨੀਲੀਆਂ, ਪੀਲੀਆਂ ਅਤੇ ਕਾਲੀਆਂ ਦਸਤਾਰਾਂ ਵਾਲੀਆਂ ਇਹ ਸੰਗਤਾਂ ਕਿੰਨੇ ਕੁ ਵਜੇ ਸਵੇਰ ਨੂੰ ਉਠਦੀਆਂ ਹਨ ?'



Namdhari Elibrary NamdhariElibrary@gmail.com

"ਚਾਰ ਕੁ ਵਜੇ ਤਾਂ ਸਾਰੇ ਉਠ ਹੀ ਖਲੋਂਦੇ ਹਨ । ਚਾਰ ਵਜੇ ਤੋਂ ਪਹਿਲਾਂ ਉਠਣ ਵਾਲੇ ਬਹੁਤੇਰੇ ਹਨ । ਕਈ ਕਈ ਤਾਂ ਦੋ ਵਜੇ ਹੀ ਉਠ ਖਲੋਂਦੇ ਹਨ" ਸਿੰਘ ਨੇ ਉਤਰ ਦਿਤਾ । "ਏਨਾ ਸਵਖਤੇ ਉਠ ਕੇ ਇਹ ਕੀ ਕਰਦੇ ਹਨ ?" ਗੁਰਮੁਖ ਨੇ ਪ੍ਰਸ਼ਨ ਕੀਤਾ । "ਇਸ਼ਨਾਨ ਕਰਕੇ ਨਾਮ ਸਿਮਰਨ ਕਰਦੇ ਹਨ ਅਤੇ ਗੁਰਬਾਣੀ ਨਿੱਤਨੇਮ ਦਾ ਪਾਠ ਕਰਦੇ ਹਨ ।" ਸਿੰਘ ਨੇ ਜਵਾਬ ਦਿਤਾ। "ਪਾਠ ਕਿਨ੍ਹਾਂ ਕਿਨ੍ਹਾਂ ਬਾਣੀਆਂ ਦਾ ਕਰਦੇ ਹਨ ?" ਗੁਰਮੁਖ ਨੇ ਪੁਛਿਆ । "ਅੰਮ੍ਰਿਤ ਵੇਲੇ ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੈਯੇ, ਚੌਪਈ ਬੇਨਤੀ ਅਤੇ ਸਾਰਾ ਅਨੰਦ ਸਾਹਿਬ, ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਸੌਣ ਵੇਲੇ ਸੋਹਿਲਾਂ" ਸਿੰਘ ਨੇ ਵਰਨਣ ਕੀਤਾ । "ਕੀ ਇੰਨਾਂ ਪਾਠ ਹਰ ਕੋਈ ਕਰਦਾ ਹੈ ?" ਗੁਰਮੁਖ ਨੇ ਹੈਰਾਨ ਹੋ ਕੇ ਪੁਛਿਆ । "ਹਾਂ ! ਜਿਨ੍ਹਾਂ ਨੇ ਗੁਰੂ ਅਗੇ ਸੀਸ ਵੇਚਿਆ ਹੈ ਉਨ੍ਹਾਂ ਨੂੰ ਏਨੀ ਕੁ ਚਾਕਰੀ ਤਾਂ ਕਰਨੀ ਹੀ ਪੈਂਦੀ ਹੈ,' ਸਿੰਘ ਨੇ ਇਉਂ ਉਤਰ ਦਿਤਾ ।

ਗੁਰਮੁਖ ਕੰਧ ਨਾਲ ਖਲੋਤਾ ਕੀਰਤਨ ਸੁਣ ਰਿਹਾ ਸੀ ਅਤੇ ਉਸਦੇ ਮਨ ਵਿਚ ਸਿੰਘ ਜੀ ਦੇ ਇਹ ਸ਼ਬਦ—"ਹਾਂ ! ਜਿਨ੍ਹਾਂ ਨੇ ਗੁਰੂ ਅਗੇ ਸੀਸ ਵੇਚਿਆ ਹੈ ਉਨ੍ਹਾਂ ਨੂੰ ਏਨੀ ਕੁ ਚਾਕਰੀ ਤਾਂ ਕਰਨੀ ਹੀ ਪੈਂਦੀ ਹੈ", ਬਾਰ ਬਾਰ ਚੱਕਰ ਲਾ ਰਹੇ ਸਨ । ਕੁਝ ਦੇਰ ਬਾਅਦ ਮੁੜ ਉਹ ਸੰਗਤ ਵਿਚ ਆ ਕੇ ਬੈਠ ਗਿਆ । ਉਸਨੇ ਦੇਖਿਆ ਕਿ ਉਹ ਨੂਰਾਨੀ ਸੂਰਤ ਵਾਲਾ ਬਜ਼ੁਰਗ ਉਸੇ ਹੀ ਤਰ੍ਹਾਂ ਅਡੋਲ ਚੌਕੜਾ ਮਾਰੀ ਕੀਰਤਨ ਦਾ ਅਨੰਦ ਮਾਣ ਰਿਹਾ ਹੈ । ਇਸ ਵੇਲੇ ਗੁਰਮੁਖ ਨੂੰ ਬਜ਼ੁਰਗ ਸਿੰਘ ਜੀ ਦੇ ਚੇਹਰੇ ਤੇ ਇਕ ਅਜੀਬ ਨੂਰ ਅਨੁਭਵ ਹੋਇਆ । ਉਹ ਉਸਦੇ ਚੇਹਰੇ ਵਲ ਟਿਕ ਟਿਕੀ ਲਗਾ ਕੇ ਦੇਖਣ ਲਗ ਪਿਆ । ਏਨੇ ਨੂੰ ਇਕ ਤਿਖੇ ਬੋਲ ਅਤੇ ਦਸਤਾਰ ਵਾਲੀ ਬੀਬੀ ਨੇ ਹੇਠ ਲਿਖੀ ਟੇਕ ਤੇ ਸ਼ਬਦ ਸ਼ੁਰੂ ਕਰ ਦਿਤਾ ਅਤੇ ਗੁਰਮੁਖ ਦਾ ਧਿਆਨ ਕੀਰਤਨੀਆਂ ਵਲ ਖਿੱਚਿਆ ਗਿਆ:—

"ਜੋਗੀਆ ! .. ਜੋਗੀਆ ! ...ਜੋਗੀਆ...
ਕਿੰਕੁਰੀ ਆਨੂਪ ਵਾਜੇ ।"

ਗੁਰੂ ਸੁਆਰੀ ਬੀਬੀ ਦੇ ਮਖਾਰਬਿੰਦ ਵਿਚੋਂ ਤਿੱਖੀ ਆਵਾਜ਼ ਅਤੇ ਅਣੋਖੀ ਲੈਅ ਵਿਚ ਨਿਕਲੀਆਂ ਅੰਮ੍ਰਿਤਮਈ ਬਾਣੀ ਦੀਆਂ ਇਹ ਤੁਕਾਂ ਗੁਰਮੁਖ ਦੇ ਹਿਰਦੇ ਤੇ ਗਹਿਰਾ ਘਾਉ ਕਰ ਗਈਆਂ ਅਤੇ ਉਹ ਗੁਰਸ਼ਬਦ ਦੇ ਤੀਖਣ ਬਾਣਾਂ ਨਾਲ ਵਿੰਨ੍ਹਿਆ ਗਿਆ । ਗੁਰਮੁਖ ਦੀ ਸੁਰਤੀ ਸ਼ਬਦ ਵਿਚ ਟਿਕ ਗਈ । ਜਦੋਂ ਬੀਬੀ ਦੇ ਮੂੰਹੋਂ



Namdhari Elibrary NamdhariElibrary@gmail.com

ਟੇਪ ਵਾਲੀ [illegible] ਉਠਦਾ ਅਤੇ ਬਲਿਹਾਰ ਬਲਿਹਾਰ ਕਹਨ ਲਗ ਜਾਂਦਾ । ਜਦੋਂ [illegible] :—

''ਖੋਜਤ ਖੋਜਤ ਦੁਆਰੈ ਆਇਆ,
ਤਾ ਨਾਨਕ ਜੋਗੀ ਮਹਲੁ ਘਰੁ ਪਾਇਆ ।
ਇਉ ਕਿੰਗੁਰੀ ਆਨੂਪ ਵਾਜੈ,
ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ।''

ਤਾਂ ਉਹ ਮੁਘਦ ਹੋ ਗਿਆ, ਬੀਬੀ [illegible] ਉਚਾਰਨ ਕਰਦੀ :—

''ਜੋਗੀਆ ! ਜੋਗੀਆ ! ਜੋਗੀਆ...!
ਕਿੰਕੁਰੀ ਆਨੂਪ ਵਾਜੈ ॥...
ਇਉਂ ਕਿੰਕੁਰੀ ਆਨੂਪ ਵਾਜੈ...
ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ॥''

ਗੁਰਮੁਖ ਨੂੰ ਸ਼ਬਦ ਦਾ ਰਸ ਆ ਰਿਹਾ ਸੀ । ਉਸਨੂੰ ਸੰਸਾਰਕ ਚਿੰਤਾ ਵਿਸਰਕੇ ਕੀਰਤਨ ਦਾ ਅਨੰਦ ਆ ਰਿਹਾ ਸੀ । ਜਿਹੋ ਜਿਹਾ ਕਿ ਉਸਨੇ ਪਹਿਲੋਂ ਕਦੇ ਨਹੀਂ ਸੀ ਮਾਣਿਆ, ਗੁਰ-ਸ਼ਬਦ ਦੇ ਤੀਖਣ ਬਾਣ ਬਾਰ ਬਾਰ ਨਿਸ਼ਾਨੇ ਤੇ ਲਗ ਰਹੇ ਸਨ ਅਤੇ ਗੁਰਮੁਖ ਕੀਲਿਆ ਜਾ ਰਿਹਾ ਸੀ । ਗੁਰੂ ਦਰਬਾਰ ਵਿਚ ਅਲਾਹੀ ਕੀਰਤਨ ਗੁਰਮੁਖ ਨੂੰ ਸਰੂਰ ਦੇ ਰਿਹਾ ਸੀ, ਨਸ਼ਾ ਚੜ੍ਹ ਰਿਹਾ ਸੀ, ਇਕ ਅਜੀਬ ਖੁਮਾਰੀ ਪੈਦਾ ਕਰ ਰਿਹਾ ਸੀ, ਮਸਤ ਕਰ ਰਿਹਾ ਸੀ ।

ਇਸੇ ਹੀ ਅਵਸਥਾ ਵਿਚ ਮਲਕੜੇ ਜੇਹੇ ਗੁਰਮੁਖ ਦੀ ਭੂਆ ਦਾ ਪੁੱਤਰ ਉਸ ਕੋਲ ਆ ਬੈਠਾ ਅਤੇ ਆਪਣੀ ਟੇਪ-ਮਸ਼ੀਨ (**Tape Recorder**) ਤੇ ਕੀਰਤਨ ਭਰਨ ਲਗ ਪਿਆ । ਜਦੋਂ ਗੁਰਮੁਖ ਨੇ ਦਿਲੀਓਂ ਆਏ ਆਪਣੀ ਭੂਆ ਦੇ ਪੁੱਤ ਨੂੰ ਆਪਣੇ ਕੋਲ ਬੈਠਾ ਵੇਖਿਆ ਤਾਂ ਉਹ ਉਸਨੂੰ ਮਿਲਕੇ ਬਹੁਤ ਖੁਸ਼ ਹੋਇਆ ।

ਅਖੰਡ ਕੀਰਤਨ ਹੁੰਦਾ ਰਿਹਾ । ਕੀਰਤਨੀਆਂ ਦੇ ਨਾਲ ਜੋੜੀ ਵਾਲਾ ਸਿਦਕੀ ਸਿੰਘ ਤਬਲੇ ਤੇ ਤਾਲ ਪੂਰਦਾ ਰਿਹਾ ਅਤੇ ਬੋਲਦਾ ਰਿਹਾ । ਕੀਰਤਨ ਕਰਨ ਵਾਲੇ ਸਿੰਘ ਸਿੰਘਣੀਆਂ ਤਾ ਬਦਲੀ ਹੁੰਦੇ ਰਹੇ ਪਰ ਉਹ ਗੁਰੂ ਦਾ ਲਾਲ ਇਕੱਲਾ ਹੀ ਇੱਕੋ ਟਕ ਸਾਰੀ ਰਾਤ ਜੋੜੀ ਵਜਾਉਂਦਾ ਰਿਹਾ ।

ਸਾਧ ਸੰਗਤ ਗੁਰ-ਗੁਫਾ ਵਿਚ ਬੈਠਾ ਗੁਰਮੁਖ ਕੀਰਤਨ ਦਾ ਆਨੰਦ ਮਾਣਦਾ



Namdhari Elibrary NamdhariElibrary@gmail.com

ਰਿਹਾ ਅਤੇ ਸੱਚ-ਖੰਡੀ ਦ੍ਰਿਸ਼ ਦੇਖ ਦੇਖ ਚਕ੍ਰਿਤ ਹੁੰਦਾ ਰਿਹਾ। ਕੀਰਤਨ ਵਿਚ ਸੁਰਤੀ ਜੁੜਿਆਂ ਉਸ ਨੂੰ ਨੀਂਦ ਨੇ ਨਾ ਸਤਾਇਆ। ਗੁਰਮੁਖ ਨੇ ਸਮਝਿਆ ਜਿਵੇਂ ਕਿਲ-ਵਿਖ ਸਤਿਗੁਰੂ ਦੇ ਦਰਬਾਰ ਤੋਂ ਬਾਹਰ ਹੀ ਖਲੋਤੇ ਰਹਿ ਗਏ ਹੋਣ, ਸਤਿਗੁਰੂ ਦੀ ਸ਼ਰਣ ਗਿਆ ਉਨ੍ਹਾਂ (ਕਿਲਵਿਖਾਂ) ਨੂੰ ਬੰਦੇ ਨੂੰ ਸਤਾਉਣ ਦੀ ਆਗਿਆ ਨਾ ਹੋਵੇ ਸਤਿਗੁਰੂ ਦਾ ਸ਼ਬਦ ਸੁਣਕੇ ਪਿਛਾਂਹ ਹੀ ਠਠੰਬਰ ਕੇ ਬਹਿ ਗਏ ਹੋਣ, ਆਪਣੇ ਕੈਦੀ ਦੇ ਸੰਗਲ ਉਨ੍ਹਾਂ ਖੱਲ੍ਹ ਦਿਤੇ ਹੋਣ।

ਸੁਭਾਗਤੀ ਰੈਣ ਅੰਤਲੇ ਪੜਾ ਤੇ ਪੁੱਜ ਚੁੱਕੀ ਸੀ। ਪੰਜ ਵਜੇ ਉਸਦੀ ਭੂਆ ਦਾ ਪੁੱਤਰ ਇਸ਼ਨਾਨ ਆਦਿ ਕਰਨ ਲਈ ਘਰ ਨੂੰ ਚਲੇ ਪਏ। ਰਸਤੇ ਵਿਚ ਟੇਪ-ਰਿਕਾਰਡਰ ਤੋਂ ਉਹ ਉਹੀਓ ਹੀ ਸ਼ਬਦ ਸੁਣਦੇ ਜਾ ਰਹੇ ਸਨ :—

"ਜੋਗੀਆ ! ਜੋਗੀਆ ! ਜੋਗੀਆ ...
ਕਿੰਕੁਰੀ ਆਨੂਪ ਵਾਜੈ...॥

—



Namdhari Elibrary NamdhariElibrary@gmail.com

# ੩

# ਸਾਧ ਸੰਗਤਿ ਊਂਧ ਕਮਲ ਬਿਗਾਸ

ਅੱਜ ਦੂਜੇ ਦਿਨ ਭੀ ਮਹਾਂ ਬਲੀ ਰਾਤ ਨੂੰ ਦੇਰ ਨਾਲ ਘਰ ਆਇਆ। ਕਲ੍ਹ ਵਾਂਗ ਅੱਜ ਭੀ ਉਹ ਆਉਂਦਾ ਹੀ ਚੁੱਪ ਚੁਪੀਤਾ ਸੌਂ ਗਿਆ। ਆਮ ਦਿਨਾਂ ਵਾਂਗ ਉਸਨੇ ਕਿਸੇ ਨਾਲ ਫਾਲਤੂ ਯੱਕੜਾਂ (ਗੱਪਾਂ) ਨਾ ਮਾਰੀਆਂ, ਸਵੇਰੇ ਸਵਖਤੇ ਹੀ ਉਠਕੇ ਉਹ ਜੰਗਲ ਪਾਣੀ ਚਲਿਆ ਗਿਆ ਅਤੇ ਖੂਹ ਤੇ ਨਹਾ ਕੇ ਘਰ ਆਇਆ। ਇਸ ਤੋਂ ਪਹਿਲੋਂ ਉਹ ਹਫ਼ਤੇ, ਦੋ ਹਫ਼ਤੇ ਬਾਅਦ ਹੀ ਨਹਾਇਆ ਕਰਦਾ ਸੀ ਕਿਉਂਕਿ ਉਹ ਠੰਢ ਬਹੁਤ ਮੰਨਦਾ ਸੀ। ਸਵੇਰ ਨੂੰ ਮੂੰਹ ਤੇ ਪਾਣੀ ਦਾ ਪੋਚਾ ਮਾਰ ਤੇੜ ਵਾਲੀ ਤੰਬੀ ਨਾਲ ਹੀ ਮੂੰਹ ਪੂੰਝਕੇ ਰੋਟੀ ਖਾਣ ਬਹਿ ਜਾਂਦਾ ਸੀ।

ਸਵੇਰੇ ਜਦ ਮਹਾਂ ਬਲੀ ਰੋਟੀ ਖਾਣ ਘਰ ਆਇਆ ਤਾਂ ਨਿਆਣਿਆਂ ਨੂੰ ਉਹ ਅਣੋਖਾ ਅਣੋਖਾ ਜਾਪਿਆ। ਮਹਾਂ ਬਲੀ ਬਾਂਦਰੀ ਦੇ ਬੱਚੇ ਵਾਂਗ ਹੁੱਕੇ ਨੂੰ ਹਰ ਵੇਲੇ ਆਪਣੀ ਹਿੱਕ ਨਾਲ ਲਾਈ ਰਖਦਾ ਸੀ। ਉਹ ਹੁੱਕੇ ਦਾ ਕਦੇ ਭੀ ਵਿਸਾਹ ਨਹੀਂ ਸੀ ਖਾਂਦਾ। ਹੁੱਕਾ ਉਸਦੀ ਜਿੰਦ ਜਾਨ ਸੀ। ਹਲ ਵਾਹੁੰਦਾ, ਹਲਟ ਹੱਕਦਾ, ਉਹ ਹੁੱਕੇ ਨੂੰ ਲੱਕ ਨਾਲ ਬੰਨ੍ਹੀ ਰਖਦਾ। ਸਵੇਰੇ ਉਠਦੇ ਸਾਰ ਹੀ ਹੁੱਕਾ ਮਘਾਉਣ ਵਾਸਤੇ ਅੱਗ ਦੀ ਭਾਲ ਵਿਚ ਉਹ ਕੁੱਤੇ ਵਾਂਗ ਦਰੇ ਦਰ ਫਿਰਦਾ, ਘਰ ਘਰ ਬੂਹੇ ਖੜਕਾਉਂਦਾ ਅਤੇ ਟਾਹਰਾਂ ਮਾਰਦਾ :

"ਦੀਪੋ ਅੱਗ ਹੈ ? ਸੰਤੀਏ ਅੱਗ ਹੋਈ ਕਿ ਨਹੀਂ ਹਾਲੇ ? ਕੁੜੇ ਬਿਸ਼ਨੀਏ ਤੈਂ ਅੱਗ ਨਹੀਂ ਬਾਲੀ ?" ਅੱਗੋਂ ਉਸਨੂੰ ਭਾਂਤ ਭਾਂਤ ਦੇ ਉੱਤਰ ਸੁਣਨੇ ਪੈਂਦੇ "ਚਾਚਾ ਹਾਲੇ ਨਹੀਂ ਅਸੀਂ ਅੱਗ ਬਾਲੀ", "ਇਨ੍ਹੂੰ ਤੜਕੇ ਹੀ ਅੱਗ ਦੀ ਪੈ ਜਾਂਦੀ ਆ", "ਜ਼ਰਾ ਠਹਿਰ ਕੇ ਆਈਂ, ਤਾਇਆ।" ਜਿੰਨੀ ਦੇਰ ਮਹਾਂ ਬਲੀ ਨੂੰ ਹੁੱਕਾ



Namdhari Elibrary NamdhariElibrary@gmail.com

ਲਈ ਅੱਗ ਨਾ ਮਿਲ ਜਾਂਦੀ ਉਸਨੂੰ ਚੈਨ ਨਾ ਆਉਂਦੀ। ਜਿਸ ਦਿਨ ਕਿਧਰੇ ਕਿਤੋਂ ਉਸਨੂੰ ਗੋਹਟਿਆਂ (ਪਾਥੀਆਂ) ਦੀ ਥਾਂ ਕੱਚੇ ਕੋਲਿਆਂ ਦੀ ਅੱਗ ਮਿਲ ਜਾਂਦੀ ਉਸ ਦਿਨ ਉਸਦਾ ਮਨ ਬਹੁਤ ਖੁਸ਼ ਹੁੰਦਾ। ਚਿਲਮ ਮਘਾ ਕੇ ਜਦ ਉਹ ਹੁਕੇ ਤੇ ਰਖਦਾ ਅਤੇ ਸੂਟਾ ਮਾਰਦਾ ਤਾਂ ਉਸਨੂੰ ਨਸ਼ਾ ਚੜ੍ਹ ਜਾਂਦਾ ਅਤੇ ਉਹ ਦਰ ਦਰ ਫਿਰਨ ਦੀ ਮਿਹਨਤ ਨੂੰ ਸਫਲ ਸਮਝਦਾ, ਹੱਥ ਹੁੱਕਾ ਸਿਰ ਪਗੜ, ਦਾੜੀ ਕੁਤਰੀ ਹੋਈ ਖਰੜ ਬਰੜੀ, ਰੰਗ ਗੋਰਾ ਮੈਲ ਨਾਲ ਕਾਲਾ ਫਿਰਿਆ ਹੋਇਆ, ਤੇੜ ਸਾਫਾ, ਮਹਾਂ ਬਲੀ ਘਊਂ ਘਊਂ ਕਰਦਾ, ਧੂਆਂ ਛਡਦਾ, ਰੇਲ ਗਡੀ ਦੇ ਇੰਜਣ ਵਾਂਗ ਦੂਰੋਂ ਹੀ ਨਜ਼ਰ ਆ ਜਾਂਦਾ।

ਆਮ ਦਿਨਾਂ ਤੋਂ ਉਲਟ ਮਹਾਂ ਬਲੀ ਅੱਜ ਹੁੱਕੇ ਤੋਂ ਬਿਨਾਂ ਹੀ ਘਰ ਆ ਰਿਹਾ ਸੀ। ਨਹਾਉਣ ਦੇ ਕਾਰਨ ਉਸਦੇ ਸਰੀਰਕ ਅੰਗਾਂ ਤੇ ਕਾਲਖ ਬਾਕੀ ਦਿਨਾਂ ਨਾਲੋਂ ਘਟ ਨਜ਼ਰ ਆਉਂਦੀ ਸੀ। ਉਹ ਕੁਝ ਨਿਖਰਿਆ ਨਿਖਰਿਆ ਜਾਪਦਾ ਸੀ। ਬੂਹੇ ਵੜਦੇ ਨੂੰ ਦੀਪੇ ਨੇ ਪੁਛਿਆ, "ਚਾਚਾ, ਅੱਜ ਤੇਰਾ ਹੁੱਕਾ ਕਿੱਥੇ ਗਿਆ ?" "ਸੁਟ ਦਿਤਾ ਹੁੱਕਾ ਦੀਪੇ ! ਜ਼ਹਿਮਤ ਛੱਡ ਦਿਤੀ ?" "ਹੈਂ ਚਾਚਾ ! ਇਹ ਤੂੰ ਕੀ ਕਹਿ ਰਿਹੈਂ ? ਤੈਂ ਹੁੱਕਾ ਸੁਟ ਦਿਤਾ ? ਤੂੰ ਤੇ ਹੁੱਕੇ ਦਾ ਕਦੇ ਵਿਸਾਹ ਨਹੀਂ ਸੀ ਖਾਂਦਾ" ਦੀਪੇ ਨੇ ਹੈਰਾਨ ਹੋ ਕੇ ਪੁਛਿਆ। "ਹਾਂ, ਦੀਪੇ ਹੁੱਕਾ ਸੁਟ ਦਿਤਾ, ਜਹਿਮਤ ਛੱਡੀ ਗਈ", ਮਹਾਂ ਬਲੀ ਨੇ ਅੰਦਰ ਜਾਂਦਿਆਂ ਕਿਹਾ।

ਮਹਾਂ ਬਲੀ ਨੇ ਦੂਜੇ ਦਿਨ ਭੀ ਸਿੰਘ ਸਭਾ ਦਾ ਦੀਵਾਨ ਬੜੇ ਗਹੁ ਨਾਲ ਸੁਣਿਆ। ਸਾਧ ਸੰਗਤਿ ਮਾਨ-ਸਰੋਵਰ ਵਿਚ ਪਹਿਲੇ ਦਿਨ ਦੀ ਟੁਭੀ ਨੇ ਹੀ ਮਹਾਂ ਬਲੀ ਦੀ ਅਗਿਆਨਤਾ ਦੀ ਮੈਲ ਕਾਫ਼ੀ ਹਦ ਤਕ ਧੋ ਛਡੀ ਸੀ, ਪਰ ਅਜ ਤਾਂ ਸਰੀਰ ਨਿਰਮਲ ਹੋ ਗਿਆ, ਬੁਧ ਪ੍ਰਗਟ ਹੋ ਆਈ, ਗਿਆਨ ਦੀ ਲੋਅ ਹੋ ਗਈ, ਗੁਰਮਤਿ ਦੀ ਸਿਖਸ਼ਾ ਘਰ ਕਰ ਗਈ, ਮਨ ਤੇ ਕਰਾਰੀ ਚੋਟ ਪਈ, ਆਨਮਤ ਦਾ ਦਲਿੱਦਰ ਤਿਆਗਣ ਅਤੇ ਗੁਰਮਤਿ ਗ੍ਰਹਿਣ ਕਰਨ ਦੀ ਪੱਕੀ ਠਣ ਗਈ। ਦੀਵਾਨ ਤੋਂ ਵਾਪਸ ਆਉਂਦਿਆਂ ਹੀ ਪਹਿਲਾ ਕੰਮ ਜਿਹੜਾ ਮਹਾਂ ਬਲੀ ਨੇ ਕੀਤਾ ਉਹ ਸੀ ਹੁੱਕੇ ਨੂੰ ਡੂੰਘੇ ਟੋਏ ਵਿਚ ਵਗਾਹ ਮਾਰਨਾ ਅਤੇ ਇਸ ਤਰ੍ਹਾਂ ਸੜ੍ਹਾਂਦ ਦੇ ਜੂਲ ਕੋਲੋਂ ਖਲਾਸੀ ਪਾਉਣੀ।

ਮਹਾਂ ਬਲੀ ਹੁਣ ਹਰ ਰੋਜ਼ ਅੰਮ੍ਰਿਤ ਵੇਲੇ ਉਠਦਾ, ਇਸ਼ਨਾਨ ਕਰਦਾ ਅਤੇ ਵਾਹੁ-ਗੁਰੂ, ਵਾਹ-ਗੁਰੂ ਅਲਾਪਦਾ। ਉਸਦੇ ਹਿਰਦੇ ਵਿਚ ਗੁਰੂ ਦੀ ਬਾਣੀ ਸੁਣਨ



Namdhari Elibrary NamdhariElibrary@gmail.com

ਅਤੇ ਪੜ੍ਹਨ ਦੀ ਸਿੱਕ ਜਾਗ ਉਠੀ, ਜਿਥੇ ਕਿਧਰੇ ਭੀ ਉਸਨੂੰ ਪਾਠ ਜਾਂ ਦੀਵਾਨ ਦਾਂ ਪਤਾ ਲਗਦਾ ਉਹ ਸਾਰੇ ਕੰਮ ਛਡਕੇ ਜਾ ਹਾਜ਼ਰ ਹੁੰਦਾ। ਬੜੇ ਪਰੇਮ ਨਾਲ ਗੁਰੂ ਦੀ ਬਾਣੀ ਸੁਣਦਾ ਅਤੇ ਸੁਰਤੀ ਨੂੰ ਸ਼ਬਦ ਨਾਲ ਜੋੜਨ ਦੀ ਕੋਸ਼ਿਸ਼ ਕਰਦਾ। ਗੁਰ-ਸ਼ਬਦ ਦੀ ਪਕੜ ਕਰਦਾ ਅਤੇ ਮਨ ਵਸਾਕੇ ਅਮਲ ਕਰਦਾ। ਕੀਰਤਨ ਵਿਚ ਉਸਦਾ ਮਨ ਬਹੁਤ ਜੁੜਦਾ, ਗੁਰਮਤਿ ਰਹਿਤ ਬਹਿਤ ਬਾਬਤ ਵਖਿਆਨਾ ਨੂੰ ਉਹ ਬੜੇ ਗਹੁ ਨਾਲ ਸੁਣਦਾ।

ਗੁਰਮਤਿ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਨ ਲਈ ਮਹਾਂ ਬਲੀ ਦੇ ਰਾਹ ਵਿਚ ਇਕ ਵਡੀ ਔਕੜ ਸੀ। ਉਸ ਨੂੰ ਪੜ੍ਹਨਾ ਲਿਖਣਾ ਨਹੀਂ ਸੀ ਆਉਂਦਾ। ਉਹ ਗੁਰੂ ਦੀ ਬਾਣੀ ਨੂੰ ਆਪ ਪੜ੍ਹਨਾ ਲੋਚਦਾ ਸੀ। ਇਸ ਔਕੜ ਨੂੰ ਦੂਰ ਕਰਨ ਲਈ ਉਸਨੇ ਹਟੀਓਂ ਬਾਲ ਉਪਦੇਸ਼ (ਪੰਜਾਬੀ ਦਾ ਕੈਦਾ) ਖਰੀਦ ਲਿਆਂਦਾ, ਬੈਠਾ ਉਠਦਾ, ਦੁਪਹਿਰ ਸ਼ਾਮ ਉਹ ਗੁਰਮੁਖੀ ਅੱਖਰਾਂ ਦੀ ਪਛਾਣ ਕਰਦਾ, ਕੈਦੇ ਤੋਂ ਦੇਖ ਦੇਖ ਧਰਤੀ ਤੇ ਮਿੱਟੀ ਵਿਛਾਕੇ ਉਂਗਲ ਨਾਲ ਪੈਂਤੀ ਦੇ ਅੱਖਰ ਪਕੇ ਕਰਦਾ, ਕਦੇ ਕਦੇ ਉਹ ਬਾਬੇ ਨਿਹਾਲ ਸਿੰਘ ਕੋਲ ਚਲਿਆ ਜਾਂਦਾ ਅਤੇ ਪੰਜਾਬੀ ਪੜ੍ਹਨੀ ਸਿਖਦਾ। ਦਿਨਾਂ ਵਿਚ ਹੀ ਉਸਨੂੰ ਅੱਖਰਾਂ ਦੀ ਪਛਾਣ ਆ ਗਈ ਅਤੇ ਉਹ ਪੰਜ ਗਰੰਥੀ ਪੜ੍ਹਨ ਲਗ ਗਿਆ।

ਮਹੀਨੇ ਕੁ ਦੇ ਅੰਦਰ ਹੀ ਮਹਾਂ ਬਲੀ ਗੁਰਬਾਣੀ ਨਿੱਤ-ਨੇਮ ਦਾ ਪਾਠ ਕਰਨ ਲਗ ਪਿਆ ਅਤੇ ਗੁਰੂ ਘਰ ਦਾ ਡਾਢਾ ਸ਼ਰਧਾਲੂ ਬਣ ਗਿਆ। ਮਹਾਂ ਬਲੀ ਦੇ ਚੰਗੇ ਭਾਗਾਂ ਨੂੰ ਦਿਨ੍ਹਾਂ ਦਿਨਾਂ ਵਿਚ ਹੀ ਫਤਹਿਗੜ੍ਹ ਸਾਹਿਬ ਸਭਾ ਸ਼ੁਰੂ ਹੋ ਗਈ ਮਹਾਂ ਬਲੀ ਨੇ ਜਾ ਖੂਹ ਤੇ ਡੇਰਾ ਲਾਇਆ ਅਤੇ ਸੰਗਤਾਂ ਨੂੰ ਪਾਣੀ ਪਿਆਉਣ ਅਤੇ ਨੁਹਾਉਣ ਦੀ ਸੇਵਾ ਮੱਲ ਲਈ। ਉਹ ਚਾਈਂ ਚਾਈਂ ਖੂਹ ਵਿਚੋਂ ਪਾਣੀ ਦੇ ਢੋਲ ਕਢਦਾ ਅਤੇ ਸੰਗਤਾਂ ਦੀ ਸੇਵਾ ਕਰਦਾ, ਲੋਕੀਂ ਆਈ ਜਾਣ, ਨਹਾਈ ਜਾਣ, ਪਾਣੀ ਪੀਈ ਜਾਣ ਅਤੇ ਨਿਹਾਲ ਹੋ ਹੋ ਜਾਈ ਜਾਣ। ਮਹਾਂ ਬਲੀ ਪਾਣੀ ਦਾ ਕੜਾਹਾ ਖਾਲੀ ਨਾ ਹੋਣ ਦੇਵੇ।

ਖੂਹ ਦੇ ਕੋਲ ਹੀ ਸਿੰਘ ਸਭਾ ਵਾਲਿਆਂ ਦਾ ਦੀਵਾਨ ਲੱਗਾ ਹੋਇਆ ਸੀ, ਹੱਥਾਂ ਪੈਰਾਂ ਨਾਲ ਮਹਾਂ ਬਲੀ ਸੇਵਾ ਕਰਦਾ ਅਤੇ ਕੰਨ ਦੀਵਾਨ ਵਲ ਰਖਦਾ, ਕਦੇ ਕਦੇ ਉਹ ਖੁਸ਼ੀ ਵਿਚ ਝੂਮ ਉਠਦਾ ਅਤੇ ਇਹ ਤੁਕ ਬੜੀ ਲੈਅ ਵਿਚ ਪੜ੍ਹਦਾ :-

"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ



Namdhari Elibrary NamdhariElibrary@gmail.com

ਮਨ ਤਨ ਭਏ ਅਰੋਗਾ ।"

(ਸੋਰਠਿ ਮ: ੫)

ਤਿੰਨ ਦਿਨ ਮਹਾਂ ਬਲੀ ਨੇ ਵਾਹ ਵਾਹ ਸੇਵਾ ਕੀਤੀ । ਸਭਾ ਤੋਂ ਵਾਪਸ ਘਰ ਜਾਂਦਿਆ ਉਸਨੇ ਛੋਟੀ ਕਿਰਪਾਨ ਖਰੀਦ ਲਈ ਅਤੇ ਇਸ ਤਰ੍ਹਾਂ ਉਹ ਪੰਜ ਕਕਾਰੀ ਰਹਿਤ ਦਾ ਪੱਕਾ ਧਾਰਨੀ ਹੋ ਗਿਆ । ਦਾੜ੍ਹੀ ਕੱਟਣੀ ਅਥਵਾ ਰੋਮਾਂ ਦੀ ਬੇਅਦਬੀ ਕਰਨੀ ਤਾਂ ਉਸਨੇ ਪਹਿਲੋਂ ਹੀ ਛੱਡ ਦਿਤੀ ਸੀ ਅਤੇ ਸਾਫੇ ਦੀ ਥਾਂ ਰੇਬਦਾਰ ਕਛਹਿਰਾ ਪਾਉਣਾ ਤਾਂ ਹੁੱਕਾ ਭੰਨਣ ਦੇ ਨਾਲ ਹੀ ਸ਼ੁਰੂ ਕਰ ਦਿੱਤਾ ਸੀ ।

ਸਭਾ ਤੋਂ ਵਾਪਸ ਆਕੇ ਮਹਾਂ ਬਲੀ ਨੇ ਨਿੱਤ-ਨੇਮ ਦਾ ਪਾਠ ਜ਼ਬਾਨੀ ਯਾਦ ਕਰਨਾ ਸ਼ੁਰੂ ਕਰ ਦਿੱਤਾ, ਹੁਣ ਉਹ ਅੰਮ੍ਰਿਤ ਵੇਲੇ ਉਠਦਾ, ਬਿਨਾਂ ਨਾਗਾ ਇਸ਼ਨਾਨ ਕਰਦਾ, ਨਿੱਤਨੇਮ ਦਾ ਪਾਠ ਕਰਦਾ ਅਤੇ ਸਾਫ ਸੁਥਰਾ ਰਹਿੰਦਾ, ਰੋਜ਼ ਦੇ ਇਸ਼ਨਾਨ ਕਾਰਨ ਉਸਦਾ ਰੰਗ ਗੋਰਾ ਚਿੱਟਾ ਨਿਕਲ ਆਇਆ, ਦਾੜੀ ਦੇ ਵਾਲਾਂ ਨਾਲ ਉਸਦਾ ਚੇਹਰਾ ਭਰ ਗਿਆ ਅਤੇ ਬੱਬਰ ਸ਼ੇਰ ਵਾਂਗ ਲੱਗਣ ਲਗ ਪਿਆ । ਜਦੋਂ ਭੀ ਉਸਨੂੰ ਕੋਈ ਓਪਰਾ ਆਦਮੀ ਦੇਖਦਾ ਤਾਂ ਉਸਨੂੰ ਮਹਾਂ ਬਲੀ ਪੂਰਨ ਗੁਰਸਿੱਖ ਜਾਪਦਾ, ਜਦੋਂ ਕਦੇ ਕੋਈ ਮਹਾਂ ਬਲੀ ਨੂੰ ਉਸਦੀ ਸੂਰਤ ਅਨੁਸਾਰ ਸਿੰਘ ਸਾਹਿਬ ਜਾਂ ਸਰਦਾਰ ਸਾਹਿਬ ਆਖਕੇ ਬੁਲਾਉਂਦਾ ਤਾਂ ਉਸ ਦੇ ਸਰੀਰ ਵਿਚ ਇੱਕ ਝਰਨਾਟ ਜਹੀ ਛਿੜ ਜਾਂਦੀ ਅਤੇ ਸ਼ੁਕਰ ਵਜੋਂ ਉਸਦੀਆਂ ਅੱਖਾਂ ਵਿਚ ਪਾਣੀ ਆ ਜਾਂਦਾ, ਮੁੜ ਸਾਬਤ ਸੂਰਤ ਵਿਚ ਹੋ ਜਾਣ ਕਾਰਨ ਉਹ ਆਪਣੇ ਆਪ ਨੂੰ "ਸਾਹਿਬ" "ਸਰਦਾਰ" ਆਦਿ ਦੇ ਤਖੱਲਸਾਂ ਨਾਲ ਯਾਦ ਹੁੰਦਾ ਦੇਖਕੇ ਸਤਿਗੁਰੂ ਦੇ ਵਾਰਨੇ ਬਲਿਹਾਰਨੇ ਜਾਂਦਾ, ਉਹ ਸਤਿਗੁਰੂ ਦਾ ਲੱਖ ਲੱਖ ਸ਼ੁਕਰ ਕਰਦਾ, ਜਿਸਨੇ ਉਸ ਜੇਹੇ ਡੁਬਦੇ ਜਾਂਦੇ ਪਤਿਤ ਨੂੰ ਬਾਂਹਿ ਪਕੜਕੇ ਨਰਕ ਘੋਰ ਵਿਚੋਂ ਬਾਹਰ ਕੱਢਿਆ ਅਤੇ ਆਪਣੀ ਪਿਆਰੀ ਸੰਗਤਿ, ਸਾਧ ਸੰਗਤਿ ਦੇ ਅੰਚਲ (ਲੜ) ਲਾਇਆ ।

ਮਹਾਂ ਬਲੀ ਹੁਣ ਰਹਿੰਦ ਖੂੰਹਦ ਆਨਮਤੀ ਜੀਵਨ ਤੋਂ ਪੂਰਨ ਤੌਰ ਤੇ ਛੁਟਕਾਰਾ ਪਾਉਣ ਲਈ ਉਤਵਾਲਾ ਹੋ ਗਿਆ । ਇੱਕ ਦਿਨ ਉਹ ਨਿਗੁਰੇ ਤੋਂ ਗੁਰੂ ਵਾਲਾ ਬਣਨ ਲਈ ਅੰਮ੍ਰਿਤ ਸੰਚਾਰ ਸਮਾਗਮ ਤੇ ਜਾ ਹਾਜ਼ਰ ਹੋਇਆ । ਗਲ ਪੱਲਾ ਪਾਕੇ, ਨਿਮਾਣਾ ਬਣਕੇ ਗੁਰੂ ਦਰਬਾਰ ਗੁਰੂ ਰੂਪ ਪੰਜਾਂ ਪਿਆਰਿਆਂ ਦੇ ਜਾ ਪੇਸ਼ ਹੋਇਆ, ਆਪਣੀਆਂ ਭੁੱਲਾਂ ਦੀ ਮੁਆਫੀ ਮੰਗੀ ਅਤੇ ਅੱਗੇ ਲਈ ਪੂਰਨ ਰਹਿਤ ਰੱਖਣ ਅਤੇ ਕੁਰਹਿਤਾਂ ਤੋਂ ਬਚੇ ਰਹਿਣ ਲਈ ਪ੍ਰਤਿੱਗਿਆ ਕੀਤੀ । ਸੋਧ ਸੁਧਾਈ ਤੋਂ



Namdhari Elibrary NamdhariElibrary@gmail.com

ਬਾਅਦ ਮਹਾਂ ਬਲੀ ਨੂੰ ਅੰਮ੍ਰਿਤ ਛਕਣ ਦੇ ਅਧਿਕਾਰੀਆਂ ਦੀ ਕਤਾਰ ਵਿਚ ਖੜ੍ਹਾ ਕਰ ਦਿਤਾ ਗਿਆ।

ਰਾਤ ਦੇ ਗਿਆਰਾਂ ਬਜੇ ਮਹਾਂ ਬਲੀ ਦੇ ਮੁਖ ਅੰਮ੍ਰਿਤ ਦੀ ਬੂੰਦ ਪਈ, ਅੰਮ੍ਰਿਤ ਜਲ ਦੇ ਅੰਦਰ ਜਾਂਦਿਆਂ ਹੀ ਮਹਾਂ ਬਲੀ ਦਾ ਸਰੀਰਕ ਬਾਗ਼ ਮਹਿਕ ਉਠਿਆ, ਸੁੱਕਾ ਬਾਗ਼ ਹਰਿਆ ਹੋ ਗਿਆ, ਮਸਤਕ ਦਗ ਦਗ ਕਰ ਉਠਿਆ। ਵਾਹੁ-ਗੁਰੂ ਵਾਹੁ-ਗੁਰੂ ਕਰਦਾ ਉਹ ਨਿੱਮਲ ਹੋ ਕੇ ਢਹਿ ਪਿਆ, ਉਸਨੇ ਉਚੀ ਦੇਣੀ ਲੰਮੀ ਹੇਕ ਵਿਚ "ਵਾਹੁ-ਗੁਰ ਰ...ਰ...ਰ" ਦੀ ਚਾਂਗਰ ਮਾਰੀ ਅਤੇ ਨਿਢਾਲ ਹੋਕੇ ਡਿਗ ਪਿਆ। ਕਾਫੀ ਦੇਰ ਬਾਅਦ ਉਸਦੀ ਸੁਰਤੀ ਵਾਪਸ ਮੁੜੀ, ਕੋਈ ਡੇਢ ਘੰਟੇ ਬਾਅਦ ਬਾਕੀ ਸਤਿ ਗੁਰ ਘਰ ਨਵ ਜਨਮੇ ਪਰਾਣੀਆਂ ਨਾਲ ਗੁਰ-ਸੰਗਤਿ ਦੇ ਨਾਲ ਰਲਾਇਆ ਗਿਆ ਜਿੱਥੇ ਸਾਰੀ ਸੰਗਤਿ ਨੇ ਖਲੋਕੇ ਆਪਣੇ ਨਵੇਂ ਸਜੇ ਖਾਲਸਾ ਵੀਰਾਂ ਭੈਣਾਂ ਦਾ ਸੁਆਗਤ ਕੀਤਾ, ਪੀਲੇ ਪੁਸ਼ਾਕਿਆਂ, ਨੀਲੀਆਂ ਦਸਤਾਰਾਂ, ਹੱਥ ਨੰਗੀਆਂ ਵੱਡੀਆਂ ਕਿਰਪਾਨਾ ਵਾਲੇ ਪੰਜ ਪਿਆਰੇ ਅੱਗੇ ਅੱਗੇ ਸਨ ਤੇ ਨਵੇਂ ਸਜੇ ਸਿਘ ਸਿਘਣੀਆਂ ਪਿੱਛੇ। ਹੰਸਾਂ ਦੀ ਡਾਰ ਹੇਠ ਲਿਖਿਆ ਸ਼ਬਦ ਪੜ੍ਹਦੀ ਸਾਧ ਸੰਗਤਿ ਵਲ ਆ ਰਹੀ ਸੀ:—

"ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥ ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥ ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥ ਕਹੈ ਨਾਨਕੁ ਜਿਸਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ।" ਰਾਮਕਲੀ ਮ: ੩ (ਅਨੰਦ ਸਾਹਿਬ)

ਸ਼ਬਦ ਦਾ ਭੋਗ ਪੈਣ ਤੇ ਜੈਕਾਰਾ ਗਜਾਇਆ ਗਿਆ ਅਤੇ ਸਭ ਸੰਗਤਾਂ ਆਪੋ ਆਪਣੀ ਥਾਈਂ ਸਜ ਗਈਆਂ, ਪੰਜ ਪਿਆਰੇ ਵਾਰੋ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਕੇ ਗੁਰੂ ਸਾਹਿਬ ਦੇ ਲਾਗੇ ਹੀ ਬੈਠ ਗਏ ਅਤੇ ਬਾਕੀ ਨਵੇਂ ਸਿਘ ਸਿਘਣੀਆਂ ਭੀ ਵਾਰੋ ਵਾਰ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਜਦੋਂ ਸਾਰੀ ਸੰਗਤ ਬੈਠ ਗਈ ਤਾਂ ਕੀਰਤਨੀਆਂ ਨੇ ਹੇਠ ਲਿਖਿਆ ਸ਼ਬਦ ਅਰੰਭਿਆ ;—

"ਲਾਲ ਰੰਗੁ ਤਿਸ ਕਉ ਲਗਾ ਜਿਸਕੇ ਵਡਭਾਗਾ।
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ।



Namdhari Elibrary NamdhariElibrary@gmail.com

ਸਹਿਜ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥
ਰਹਾਉ ॥ ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨਾ ਪਾਇਆ
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥
ਸੋ ਜਾਨੈ ਜਿਨਿ ਚਾਖਿਆ ਹਰਿਨਾਮੁ ਅਮੋਲਾ ।
ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ।
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥"

(ਬਿਲਾਵਲੁ ਮ: ੪)

ਮਹਾਂ ਬਲੀ ਹੁਣ ਕੇਵਲ ਮਹਾਂ ਬਲੀ ਨਹੀਂ ਸੀ ਸਗੋਂ ਅੰਮ੍ਰਿਤ ਛਕ ਕੇ ਮਹਾਂ ਬਲੀ ਸਿੰਘ ਬਣ ਚੁੱਕਿਆ ਸੀ, ਸਾਧ ਸੰਗਤ ਵਿਚ ਬੈਠੇ ਨੇ ਉਸਨੇ ਪਹਿਲੀ ਵੇਰ ਆਪਣੇ ਆਪ ਨੂੰ ਸਹੀ ਅਰਥਾਂ ਵਿਚ ਮਹਾਂ ਬਲੀ ਸਿੰਘ ਅਥਵਾ ਵਡੀ ਸ਼ਕਤੀ ਵਾਲਾ ਸ਼ੇਰ ਮਹਿਸੂਸ ਕੀਤਾ । ਉਹ ਚੌਂਕੜਾ ਮਾਰਕੇ ਬਹਿ ਗਿਆ ਅਤੇ ਅੱਖਾਂ ਮੀਟ ਲਈਆਂ । ਉਹ ਸੁਰਤ ਨੂੰ ਸ਼ਬਦ ਨਾਲ ਜੋੜਕੇ ਨਾਮ ਅੰਮ੍ਰਿਤ ਦੇ ਗਟਾਕ ਰਸ ਭੂੰਜਣ ਲਗ ਪਿਆ, ਸਾਰੀ ਰਾਤ ਉਹ ਮੁਗਧ ਹੋਈ ਗੁਰੂ ਦੀ ਬਾਣੀ ਦਾ ਅਖੰਡ ਕੀਰਤਨ ਸੁਣਦਾ ਰਿਹਾ ਅਤੇ ਅੰਮ੍ਰਿਤ ਰਸ ਮਾਨਦਾ ਰਿਹਾ । ਉਸਦੇ ਹਿਰਦੇ ਦਾ ਉਂਧ ਕੰਵਲ ਸਿੱਧਾ ਹੋ ਚੁਕਿਆ ਸੀ ਅਤੇ ਉਹ ਹੁਣ ਜ਼ੋਰੋ ਜ਼ੋਰ ਖੰਡਾ ਖੜਕਾ ਰਿਹਾ (ਨਾਮ ਜਪ ਰਿਹਾ) ਸੀ, ਜਦੋਂ ਕੋਈ ਸ਼ਬਦ ਦੀ ਤੁਕ ਉਸਦੇ ਹਿਰਦੇ ਤੇ ਵਧੇਰਾ ਡੂੰਘਾ ਘਾਓ(ਅਸਰ) ਕਰ ਜਾਂਦੀ ਤਾਂ ਉਹ ਉੱਛਲ ਉੱਛਲ ਕੇ ਨਾਮ ਜਪਦਾ ਅਤੇ ਅਮਿਓ ਰਸ ਮਾਣਦਾ ।

ਮਹਾਂ ਬਲੀ ਸਿੰਘ ਨੇ ਸਾਰੀ ਰਾਤ ਸਾਧ ਸੰਗਤਿ ਬੈਕੁੰਠ (ਸਚ ਖੰਡ) ਵਿੱਚ ਇੱਕੋ ਹੀ ਚੌਂਕੜੇ ਅੰਮ੍ਰਿਤ ਰਸ ਭੂੰਚਦੇ ਨੇ ਬਿਤਾਈ, ਕੀਰਤਨ ਦਾ ਭੋਗ ਦਿਨ ਚੜ੍ਹੇ ਪਿਆ, ਗੁਰ ਗੁਫਾ (ਸਾਧ ਸੰਗਤਿ) ਵਿਚ ਸਤਿਗੁਰੂ ਦੀ ਸੱਚੀ ਬਾਣੀ ਸੁਣਕੇ ਮਹਾਂ ਬਲੀ ਸਿੰਘ ਦੇ ਸਾਰੇ ਦੁਖ, ਰੋਗ, ਸੰਤਾਪ ਦੂਰ ਹੋ ਗਏ । ਉਹ ਹਲਕਾ ਫੁੱਲ ਅਤੇ ਨਿਰਮਲ ਹੋ ਗਿਆ । ਉਹ ਬਾਬੇ ਦੇ ਠੇਕਿਓਂ (ਗੁਰੂ ਘਰੋਂ) ਅਜੀਬ ਮਸਤੀ ਵਿਚ ਝੂਮਦਾ ਹੋਇਆ ਸਿੱਧਾ ਆਪਣੇ ਖੇਤਾਂ ਵਾਲੇ ਖੂਹ ਤੇ ਚਲਿਆ ਗਿਆ । ਕੋਠੇ ਅੰਦਰ ਵੜਕੇ ਸਮਾਧੀ ਅਸਥਿਰ ਹੋ ਗਿਆ ।



Namdhari Elibrary NamdhariElibrary@gmail.com

# ਗੁਰਿ ਅੰਮ੍ਰਿਤ ਹਰਿ ਮੁਖਿ ਚੋਇਆ !

ਜਦ ਤੋਂ ਗੁਰਮੁਖ ਦੀ ਭੂਆ ਦਾ ਪੁਤਰ ਉਸ ਨੂੰ ਵੈਸਾਖੀ ਦੇ ਸਮਾਗਮ ਤੇ ਲੁਧਿਆਣੇ ਮਿਲਿਆ ਉਸਨੇ (ਗੁਰਮੁਖ ਨੇ) ਬਿਨਾ ਨਾਗਾ ਗੁਰਬਾਣੀ ਨਿੱਤਨੇਮ ਦਾ ਪਾਠ ਕਰਨਾ ਸ਼ੁਰੂ ਕਰ ਦਿਤਾ, ਗੁਰਮੁਖ ਹੁਣ ਅੰਮ੍ਰਿਤ ਵੇਲੇ ਉਠਦਾ, ਸਕੇਸ਼ ਇਸ਼ਨਾਨ ਕਰਕੇ ਨਿੱਤਨੇਮ ਦਾ ਪਾਠ ਕਰਦਾ, ਉਪਰੰਤ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈ ਕੇ ਅੰਨ ਜਲ ਛਕਦਾ। ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦਾ ਅਤੇ ਅਰਦਾਸ ਤੋਂ ਉਪਰੰਤ ਹੁਕਮਨਾਮਾ ਲੈਂਦਾ। ਸੌਣ ਵੇਲੇ ਸੋਹਿਲੇ ਦਾ ਪਾਠ ਕਰਕੇ ਰਾਤ ਦੇ ਬਿਸਰਾਮ ਲਈ ਬਿਸਤਰੇ ਤੇ ਲੇਟ ਜਾਂਦਾ। ਜਿਸ ਅੰਮ੍ਰਿਤ ਵੇਲੇ ਦੇ ਜਾਗਣ ਅਤੇ ਨਿੱਤਨੇਮ ਦੇ ਪਾਠ ਨੂੰ ਕਦੇ ਉਹ ਅਚੰਭਾ ਸਮਝਦਾ ਸੀ, ਹੁਣ ਉਸ ਵਾਸਤੇ ਆਮ ਜੇਹੀ ਗੱਲ ਬਣ ਗਈ ਸੀ। ਜਿਥੇ ਭੀ ਕਿਧਰੇ ਉਸਨੂੰ ਅਖੰਡ ਕੀਰਤਨ ਦੀ ਸੋਅ (ਖਬਰ) ਮਿਲਦੀ, ਉਹ ਉੱਦਮ ਕਰਕੇ ਜਾ ਪੁੱਜਦਾ ਅਤੇ ਅੰਮ੍ਰਿਤ ਕੀਰਤਨ ਦਾ ਲਾਹਾ ਲੈਂਦਾ।

ਗੁਰਮੁਖ ਦੇ ਚੰਗੇ ਭਾਗਾਂ ਨੂੰ ਉਸਦਾ ਸਹੁਰਾ ਇੰਗਲੈਂਡ ਤੋਂ ਟੇਪ-ਰਿਕਾਰਡਰ ਲੈ ਆਇਆ ਅਤੇ ਉਸ ਨੂੰ ਆਪਣੇ ਮਿੱਤਰ ਕੋਲੋਂ ਅਖੰਡ ਕੀਰਤਨ ਰਿਕਾਰ ਕੀਤੀਆਂ ਹੋਈਆਂ ਚਾਰ ਪੰਜ ਟੇਪਾਂ ਮਿਲ ਗਈਆਂ। ਸਵੇਰ ਸ਼ਾਮ ਅਤੇ ਛੁੱਟੀ ਵਾ ਦਿਨ ਗੁਰਮੁਖ ਟੇਪ ਤੋਂ ਕੀਰਤਨ ਸੁਣਦਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾ ਕਰਦਾ। ਗੁਰਮੁਖ ਦੀ ਸੁਰਤ ਸ਼ਬਦ ਦੀ ਪਕੜ ਕਰਨ ਲਗ ਪਈ। ਕਦੇ ਕ ਗੁਰਬਾਣੀ ਦੀ ਕੋਈ ਤੁਕ ਡਾਢੀ ਹਿਰਦੇ ਵਿਚ ਵਜ ਜਾਂਦੀ। ਉਸਨੇ ਇਕ ਕਾ ਰਖ ਲਈ ਜਿਸ ਤੇ ਉਹ ਅਜੇਹੇ ਸ਼ਬਦ ਨੂੰ ਲਿਖ ਲੈਂਦਾ।

Namdhari Elibrary NamdhariElibrary@gmail.com

ਇਕ ਦਿਨ ਗੁਰਮੁਖ ਦੇ ਹਿਰਦੇ ਅੰਦਰ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਸ਼ਬਦਾਂ ਨੇ ਬਹੁਤ ਗੂੜ੍ਹਾ ਅਸਰ ਕੀਤਾ :—

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ?
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

(ਜਪੁਜੀ ਸਾਹਿਬ)

ਗੁਰਮੁਖ "ਹੁਕਮ ਰਜਾਈ ਚਲਣ" ਲਈ ਸੋਚਾਂ ਵਿਚ ਪੈ ਗਿਆ। ਉਸਦੇ ਅੰਦਰ ਗੁਰ ਹੁਕਮਾਂ ਨੂੰ ਸਮਝਣ ਦੀ ਲਾਲਸਾ ਜਾਗ ਉਠੀ। ਉਸਨੇ ਇਸ ਮੰਤਵ ਲਈ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਆਰੰਭ ਕਰ ਦਿਤਾ। ਪਾਠ ਕਰਦਿਆਂ ਜਦੋਂ ਕੋਈ ਸਿੱਧਾਂ ਹੁਕਮ ਉਸਦੀ ਸਮਝ ਪੈਂਦਾ, ਉਹ ਇਕ ਦਮ ਕੋਲ ਰੱਖੀ ਕਾਪੀ ਤੇ ਨੋਟ ਕਰ ਲੈਂਦਾ।

ਇਕ ਦਿਨ ਹੇਠਲੀ ਤੁਕ ਗੁਰਮੁਖ ਦੇ ਹਿਰਦੇ ਨੂੰ ਵਿੰਨ ਗਈ :—

"ਅਨਦਿਨੁ ਸਾਹਿਬੁ ਸੇਵੀਐ,
ਅੰਤਿ ਛਡਾਇ ਸੋਇ।"

(ਧਨਾਸਰੀ ਮ: ੧)

ਇਹ ਤੁਕ ਹਰ ਵੇਲੇ ਉਸਦੇ ਦਿਮਾਗ਼ ਵਿਚ ਘੁਮਦੀ ਰਹਿੰਦੀ। ਉਹ ਹਰ ਵੇਲੇ ਸੋਚਦਾ ਰਹਿੰਦਾ ਕਿ ਇਸ ਗੁਰ ਹੁਕਮ ਨੂੰ ਕਿਵੇਂ ਕਮਾਇਆ ਜਾਏ ?

ਗੁਰਮੁਖ ਸੁਣੇ ਸੁਣਾਏ ਨਾਮ ਨੂੰ ਜਪਣ ਦਾ ਬਹੁਤ ਯਤਨ ਕਰਦਾ ਪਰ ਨਾਮ ਚਲਦਾ ਨਾ, ਬਹੁਤੇਰਾ ਹਠ ਕਰਦਾ, ਕਦੇ ਕਦੇ ਤੜਕੇ ਡੇਢ ਦੋ ਬਜੇ ਹੀ ਉਠ ਬੈਠਦਾ, ਪਰ ਕੋਈ ਗਲ ਨਾ ਬਣਦੀ, ਥੱਕ ਹਾਰਕੇ ਬਹਿ ਜਾਂਦਾ।

ਲਗਾਤਾਰ ਸਾਧ ਸੰਗਤ ਵਿਚ ਜਾਕੇ ਅਖੰਡ ਕੀਰਤਨ ਸੁਣਨ ਨਾਲ ਗੁਰਮੁਖ ਦੇ ਹਿਰਦੇ ਵਿੱਚ ਇੱਕ ਗੱਲ ਪੱਕੀ ਤਰ੍ਹਾਂ ਘਰ ਕਰ ਗਈ ਕਿ ਜਦ ਤਕ ਦੁਬਾਰਾ ਅੰਮ੍ਰਿਤ ਛਕਕੇ ਨਾਮ ਦ੍ਰਿੜ੍ਹ ਨਹੀਂ ਕਰਵਾਇਆ ਜਾਂਦਾ, ਨਾਮ ਨਹੀਂ ਜਪਿਆ ਜਾ ਸਕੇਗਾ ਅਤੇ ਰਸ ਨਹੀਂ ਆਵੇਗਾ।

ਗੁਰਮੁਖ ਜਦੋਂ ਹਾਲੇ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ ਤਾਂ ਉਸਨੇ ਆਪਣੇ ਪਿੰਡ ਇਕ ਅਖੰਡ ਪਾਠ ਤੇ ਅੰਮ੍ਰਿਤ ਛਕਿਆ ਸੀ। ਅੰਮ੍ਰਿਤ ਛਕਣ ਵਾਸਤੇ ਉਸਦੇ ਪਿਤਾ ਜੀ ਨੇ ਪਿੰਡੋਂ ਕਿਸੇ ਕੋਲੋਂ ਕਿਰਪਾਨ ਮੰਗਕੇ ਲੈ ਦਿਤੀ ਸੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਵਾਪਸ ਕਰ ਦਿਤੀ ਸੀ। ਉਸ ਸਮੇਂ ਗੁਰਮੁਖ ਦੀ ਬੁੱਧੀ ਨਿਆਣੀ



Namdhari Elibrary NamdhariElibrary@gmail.com

ਸੀ। ਉਸਨੂੰ ਰਹਿਤ ਬਹਿਤ ਬਾਰੇ ਕੋਈ ਖਾਸ ਸਮਝ ਨਾ ਆਈ। ਵੈਸੇ ਅੰਮ੍ਰਿਤ ਛਕਾਉਣ ਵਾਲੇ ਭੀ ਕੁਝ ਢਿੱਲੜ ਹੀ ਸਨ। ਨਾਮ ਬਾਰੇ ਉਨ੍ਹਾਂ ਨੇ ਕੋਈ ਖਾਸ ਜ਼ਿਕਰ ਨਾ ਕੀਤਾ ਸਿਰਫ ਮੂਲ ਮੰਤਰ ਹੀ ਦੱਸਿਆ। ਅੰਮ੍ਰਿਤ ਛਕਣ ਨਾਲ ਗੁਰਮੁਖ ਵਿਚ ਕੋਈ ਖਾਸ ਤਬਦੀਲੀ ਨਾ ਆਈ।

ਸਮਾਂ ਪਾਕੇ ਗੁਰਮੁਖ ਦਾ ਆਪਣੇ ਵਰਗੀ ਕੁੜੀ ਨਾਲ ਵਿਆਹ ਹੋ ਗਿਆ, ਜਿਸਨੇ ਭੀ ਇਸੇ ਹੀ ਤਰ੍ਹਾਂ ਆਪਣੇ ਵਿਆਹ ਸਮੇਂ ਅੰਮ੍ਰਿਤ ਛਕਣ ਦੀ ਰਸਮ ਪੂਰੀ ਕੀਤੀ ਹੋਈ ਸੀ। ਉਸ ਵਿਚਾਰੀ ਨੂੰ ਭੀ ਪਾਠ ਜਾਂ ਭਜਨ ਬੰਦਗੀ ਕਰਨ ਦਾ ਕੋਈ ਪਤਾ ਨਹੀਂ ਸੀ। ਆਮ ਲੋਕਾਂ ਵਾਂਗ ਇਹ ਜੋੜਾ ਭੀ ਧੰਦਾ ਕਰ, ਪਕਾ ਖਾ ਅਤੇ ਸੌਂ ਛਡਦਾ। ਆਨਦਿਨ ਸਾਹਿਬ ਸੇਵਣ ਦਾ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ। ਦੁਨੀਆਂ ਦੇ ਠੇਡੇ ਖਾਂਦਿਆਂ ਨੂੰ ਏਨੀ ਕੁ ਸੁਝ ਆਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਾ ਘਰ ਵਿਚ ਪ੍ਰਬੰਧ ਕੀਤਾ ਜਾਵੇ। ਪ੍ਰਕਾਸ਼ ਹੋਣ ਤੇ ਉਹ ਕਦੇ ਕਦਾਈਂ ਥੋਹੜਾ ਬਹੁਤ ਪਾਠ ਕਰ ਲੈਂਦੇ ਅਤੇ ਸੰਗ੍ਰਾਂਦ ਨੂੰ ਕੜ੍ਹਾ ਪ੍ਰਸਾਦ ਕਰਕੇ ਬਾਰਾਂ-ਮਾਹ ਦਾ ਪਾਠ ਕਰਕੇ ਮਹੀਨੇ ਦਾ ਨਾਂ ਸੁਣ ਲੈਂਦੇ। ਪੂਰਬਲੇ ਕਰਮਾਂ ਅਨੁਸਾਰ ੩੯ ਸਾਲ ਦੀ ਉਮਰ ਵਿਚ ਜਾਕੇ ਗੁਰਮੁਖ ਨੂੰ ਵੈਸਾਖੀ ਦੇ ਸਮਾਗਮ ਤੇ ਰੈਣ ਸਬਾਈ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਜਿਸ ਦੇ ਫਲ ਸਰੂਪ ਅੰਮ੍ਰਿਤ ਵੇਲੇ ਦਾ ਜਾਗਣਾ ਅਤੇ ਨਿੱਤਨੇਮ ਦਾ ਪਾਠ ਗੁਰਮੁਖ ਦੇ ਪੱਲੇ ਪਿਆ।

ਗੁਰਮੁਖ ਹੁਣ ਆਪਣੀ ਘਰ ਵਾਲੀ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦਾ ਪਰ ਉਸਦਾ (ਉਸਦੀ ਪਤਨੀ ਦਾ) ਅੰਮ੍ਰਿਤ ਛਕਣ ਨੂੰ ਦਿਲ ਨਾ ਮੰਨਦਾ। ਇੱਕ ਵੇਰ ਪਤੀ ਪਤਨੀ ਵਿਚਕਾਰ ਅੰਮ੍ਰਿਤ ਛਕਣ ਸੰਬੰਧੀ ਹੇਠ ਲਿਖੇ ਅਨੁਸਾਰ ਦੀ ਵਾਰਤਾ-ਲਾਪ ਹੋਈ :—

ਗੁਰਮੁਖ :—ਸਾਨੂੰ ਹੁਣ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ। ਬਹੁਤੇਰੀ ਉਮਰ ਦੁਨੀਆਂ ਦੇ ਧੱਕੇ ਖਾਂਦਿਆਂ ਬਿਤਾ ਛੱਡੀ ਹੈ।

ਪਤਨੀ :—ਕਿਤੇ ਸਾਰੀ ਦੁਨੀਆਂ ਨੇ ਅੰਮ੍ਰਿਤ ਹੀ ਤੇ ਨਹੀਂ ਛਕਿਆ ਹੋਇਆ। ਬਹੁਤੇ ਲੋਕੀ ਬਿਨਾਂ ਅੰਮ੍ਰਿਤ ਤੋਂ ਹੀ ਹਨ। ਨਾਲੇ ਅਸੀਂ ਕੋਈ ਬੇ-ਅੰਮ੍ਰਿਤ ਤੇ ਨਹੀਂ ਹਾਂ। ਅਸੀਂ ਤੇ ਅੰਮ੍ਰਿਤ ਛਕਿਆ ਹੋਇਆ ਹੈ।

ਗੁਰਮੁਖ :—ਅਸੀਂ ਦੁਨੀਆਂ ਤੋਂ ਕੀ ਲੈਣਾ ਹੈ ? ਜੇਹੋ ਜਿਹਾ ਕੋਈ ਕਰਮ ਕਰੇਗਾ ਤੇਹੋ ਜਿਹੇ ਫਲ ਭੁਗਤੇਗਾ, ਸਾਨੂੰ ਤੇ ਆਪਣੇ ਆਪ ਨੂੰ ਉਧਾਰਨਾ ਚਾਹੀਦਾ



Namdhari Elibrary NamdhariElibrary@gmail.com

ਹੈ । ਅਸੀਂ ਅੰਮ੍ਰਿਤ ਤੇ ਬੇਸ਼ਕ ਛਕਿਆ ਹੈ ਪਰ ਬਹੁਤ ਸਾਰੀਆਂ ਕੁਰਹਿਤਾਂ ਕਰ ਚੁੱਕੇ ਹਾਂ, ਨਾਲੇ ਅਸੀਂ ਰਹਿਤ ਦੇ ਪਾਬੰਦ ਨਹੀਂ ਰਹੇ । ਰਹਿਤਨਾਮੇ ਵਿਚ ਤੇ ਇਉਂ ਲਿਖਿਆ ਹੈ :—

ਰਹਿਣੀ ਰਹੈ ਸੋਈ ਸਿੱਖ ਮੇਰਾ ।
ਉਹ ਸਾਹਿਬ ਮੈਂ ਉਸ ਕਾ ਚੇਰਾ ।
..............................
ਰਹਿਤ ਪਿਆਰੀ ਮੋਹਿ ਕੋ,
ਸਿਖ ਪਿਆਰਾ ਨਾਹਿ ।

ਪਤਨੀ :—ਲਿਖਿਆ ਤੇ ਠੀਕ ਹੈ ਪਰ ਮੈਨੂੰ ਤੇ ਗਰਮੀ ਬਹੁਤ ਲਗਦੀ ਹੈ, ਮੈਥੋਂ ਤੇ ਕਛਹਿਰਾ ਨਹੀਂ ਰਖਿਆ ਜਾਂਦਾ । ਕਿਰਪਾਨ ਮੈਂ ਕਿਵੇਂ ਸਾਂਭਾਂਗੀ ? ਤੁਸੀਂ ਤੇ ਕਹਿੰਦੇ ਹੋ ਕੇਸਕੀ (ਦਸਤਾਰ) ਬੰਨ੍ਹ. ਆਦਮੀਆਂ ਵਾਂਗ ਮੈਂ ਪੱਗ ਕਿਵੇਂ ਬੰਨ੍ਹਾਂਗੀ ਲੋਕੀਂ ਮਖੌਲ ਨਾ ਕਰਨਗੇ ?

ਗੁਰਮੁਖ :—ਇਹ ਤੇ ਆਦਤ ਹੈ ਜਿਵੇਂ ਪਾ ਲਓ, ਪੈ ਜਾਂਦੀ ਹੈ, ਅਸੀਂ ਵੀ ਤੇ ਕਛਹਿਰਾ ਪਾਉਂਦੇ ਹੀ ਹਾਂ । ਜੇ ਹੰਗੀ (Brassiery) ਪਾਉਣ ਨਾਲ ਗਰਮੀ ਨਹੀਂ ਲਗਦੀ ਤਾਂ ਕਛਹਿਰਾ ਪਾਉਣ ਨਾਲ ਕਿਉਂ ਲੱਗੇਗੀ ? ਤੀਵੀਆਂ ਬਾਹਾਂ ਵਿਚ ਪਰਸ ਤੇ ਲਟਕਾਈ ਹੀ ਫਿਰਦੀਆਂ ਹਨ, ਕੀ ਕਿਰਪਾਨ ਸੰਭਾਲ ਉਸ ਨਾਲੋਂ ਮੁਸ਼ਕਲ ਹੈ ? ਭਲੀਏ ਲੋਕੇ ਕੇਸਕੀ (ਦਸਤਰ) ਬਿਨਾਂ ਵਾਲ ਕੱਜੇ (ਢਕੇ) ਨਹੀਂ ਰਹਿ ਸਕਦੇ, ਰਾਹਾਂ ਦਾ ਮਿੱਟੀ ਘੱਟਾ ਉਡ ਉਡ ਸਿਰ ਵਿਚ ਹੀ ਰਹਿੰਦਾ ਹੈ ਸਿਰ ਵਿਚ ਦਿਮਾਗ਼ ਹੈ ਜਿਥੇ ਗੰਦ ਮੰਦ ਉਡ ਉਡ ਪੈਂਦਾ ਰਿਹਾ ਤਾਂ ਗੰਦਗੀ ਦਾ ਅਸਰ ਅਕਲ ਨੂੰ ਨਸ਼ਟ ਹੀ ਕਰੇਗਾ । ਸਿੱਖ ਨੇ ਤਾਂ ਰੌਸ਼ਨ ਦਿਮਾਗ ਰਹਿਣਾ ਹੈ, ਪੂਰਨ ਸਰੀਰਕ ਸਫਾਈ ਰੱਖੇ ਬਿਨਾਂ ਇਹ ਕਿਵੇਂ ਸੰਭਵ ਹੋ ਸਕੇਗਾ ? ਗੁਰਸਿੱਖ ਨੂੰ ਤੇ ਆਪਣੇ ਗੁਰੂ ਦਾ ਹੁਕਮ ਵੀ ਸਾਬਤ ਸੂਰਤ ਅਤੇ ਸਿਰ ਦਸਤਾਰ ਰਖਣ ਦਾ ਹੈ, ਅਸੀਂ ਤੇ ਆਪਣੇ ਗੁਰੂ ਦਾ ਹੁਕਮ ਮੰਨਣਾ ਹੈ. ਉਸ ਦਾ ਹੁਕਮ ਮੰਨਕੇ ਉਸ ਦੀ ਖੁਸ਼ੀ ਹਾਸਲ ਕਰਨੀ ਹੈ। ਫੈਸ਼ਨ ਦੀਆਂ ਪੱਟੀਆਂ ਹੋਈਆਂ ਤੀਵੀਆਂ ਪਫ ਵੀ ਤੇ ਬਣਾਉਂਦੀਆਂ ਹੀ ਹਨ । ਜੇ ਲੋਕੀਂ ਉਹਨਾਂ ਨੂੰ ਮਖੌਲ ਨਹੀਂ ਕਰਦੇ ਤਾਂ ਗੁਰਮੁਖੀ ਦਸਤਾਰ ਨੂੰ ਕਿਉਂ ਮਖੌਲ ਕਰਨਗੇ ? ਜੇ ਲੋਕਾਂ ਨੂੰ ਚੰਗਾ ਲਗਣ ਵਾਸਤੇ ਪੱਫ ਬਣਾਏ ਜਾ ਸਕਦੇ ਹਨ ਤਾਂ ਕੀ ਆਪਣੇ ਗੁਰੂ ਨੂੰ ਚੰਗਾ ਲੱਗਣ



Namdhari Elibrary NamdhariElibrary@gmail.com

ਵਾਸਤੇ ਦਸਤਾਰ ਨਹੀਂ ਸਜਾਈ ਜਾਂ ਸਕਦੀ ?

ਪਤਨੀ:—ਪੱਫ ਦਾ ਤਾਂ ਫੈਸ਼ਨ ਹੈ, ਆਮ ਤੀਵੀਆਂ ਕਰਦੀਆਂ ਹਨ ਪਰ ਦਸਤਾਰ ਵਾਲੀ ਤਾਂ ਸੌ ਵਿਚੋਂ ਇਕ ਹੀ ਹੋਵੇਗੀ, ਬਹੁਤਿਆਂ ਮਗਰ ਹੀ ਲਗਣਾ ਚਾਹੀਦਾ ਹੈ।

ਗੁਰਮੁਖ:– ਸ਼ੇਰ ਜੰਗਲ ਵਿਚ ਇਕ ਹੀ ਹੁੰਦਾ ਹੈ। ਜਿਹੜਾ ਸਭ ਭੇਡ ਬਕਰੀਆਂ ਨੂੰ ਇਕੋ ਭਬਕ ਨਾਲ ਨਸਾ ਦਿੰਦਾ ਹੈ, ਉਸ ਦੀ ਦਿਖ ਬਾਕੀ ਜਾਨਵਰਾਂ ਨਾਲੋਂ ਵਖਰੇ ਹੀ ਰੋਹਬ ਦਾਬ ਵਾਲੀ ਹੁੰਦੀ ਹੈ, ਤੁਸੀਂ ਭੇਡਾਂ ਬਨਣਾ ਚਾਹੁੰਦੇ ਹੋ ਜਾਂ ਸ਼ੇਰ ? ਸਾਬਤ ਸੂਰਤ ਅਤੇ ਦਸਤਾਰ ਨਾਲ ਤਾਂ ਸਿੰਘ ਦੂਰੋਂ ਹੀ ਪਹਿਚਾਣਿਆ ਜਾਂਦਾ ਹੈ। ਬਿਨਾਂ ਦਸਤਾਰ ਦੇ ਬੀਬੀਆਂ ਦਾ ਕਿਵੇਂ ਪਤਾ ਲਗ ਸਕਦਾ ਹੈ ਕਿ ਇਹ ਸਿੰਘਣੀ ਹੈ ਥਾਂ ਹਿੰਦਣੀ। ਦਸਤਾਰ ਨਾਲ ਹੀ ਤੇ ਨਿਆਰਾਪਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤੇ ਇਉਂ ਕਿਹਾ ਹੈ:—

"ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੇ ਬਿਪਰਨ (ਅਨਮਤੀ) ਕੀ ਰੀਤ ਮੈਂ ਨ ਕਰਉ ਇਨ ਕੀ ਪ੍ਰਤੀਤ ॥"

ਪਤਨੀ :—ਤੁਸੀਂ ਅਖੰਡ ਕੀਰਤਨੀ ਜਥੇ ਕੋਲੋਂ ਅੰਮ੍ਰਿਤ ਛਕਣ ਤੇ ਹੀ ਕਿਉਂ ਜ਼ੋਰ ਦਿੰਦੇ ਹੋ ? ਹੋਧਰੋਂ ਕਿਧਰੋਂ ਅੰਮ੍ਰਿਤ ਛਕ ਲਵੋ ਅੰਮ੍ਰਿਤ ਤਾਂ ਇਕੋ ਹੀ ਹੈ।

ਗੁਰਮੁਖ ;—ਇਸ ਵਿਚ ਦੋ ਗੱਲਾਂ ਹਨ। ਇਕ ਤੇ ਇਹ ਕਿ ਹੋਰ ਅੰਮ੍ਰਿਤ ਛਕਾਉਣ ਵਾਲੇ ਬੀਬੀਆਂ ਨੂੰ ਦਸਤਾਰ ਸਜਾਉਣ ਬਾਰੇ ਨਹੀਂ ਕਹਿੰਦੇ। ਪੰਜ ਖਾਲਸਾ ਦੀਵਾਨ, ਭਸੌੜ ਵਾਲੇ ਦਸਤਾਰ ਤੇ ਬਹੁਤ ਜ਼ੋਰ ਦਿੰਦੇ ਸਨ। ਉਹ ਤਾਂ ਚੁੰਨੀ ਲੈਣ ਦੀ ਭੀ ਮਨਾਹੀ ਕਰਦੇ ਸਨ। ਬਾਬੂ ਤੇਜਾ ਸਿੰਘ ਦੇ ਚੜ੍ਹਾਈ ਕਰ ਜਾਣ ਨਾਲ ਦੀਵਾਨ ਖਿੰਡ ਪੁੰਡ ਗਿਆ ਹੈ ਜਿਸ ਕਰਕੇ ਚੁੰਨੀ ਪਰਹਾਰ ਦਾ ਪਰਚਾਰ ਖਤਮ ਹੋ ਗਿਆ ਹੈ। ਦਸਤਾਰ ਬਿਨਾਂ ਨਿਆਰਾਪਨ (ਵਿਲਖਣਤਾ) ਪਰਤੱਖ ਨਜ਼ਰ ਨਹੀਂ ਆਉਂਦਾ। ਦੂਜੀ ਗੱਲ ਇਹ ਕਿ ਬਾਕੀ ਅੰਮ੍ਰਿਤ ਛਕਾਉਣ ਵਾਲੇ ਨਾਮ ਨਹੀਂ ਦ੍ਰਿੜ੍ਹ ਕਰਵਾਉਂਦੇ, ਜਿੰਨੀ ਦੇਰ ਤਕ ਗੁਰੂ ਰੂਪ ਪੰਜਾਂ ਪਿਆਰਿਆਂ ਕੋਲ ਨਾਮ ਦ੍ਰਿੜ੍ਹ ਨਾ ਹੋ ਜਾਵੇ, ਨਾਮ ਜਪਿਆ ਨਹੀਂ ਜਾਂਦਾ। ਅੰਮ੍ਰਿਤ ਛਕਣ ਨਾਲ ਜੇ ਨਾਮ ਅੰਦਰ ਨਹੀਂ ਵਸਦਾ ਤਾਂ ਸਮਝੋ ਕਿ ਕੋਈ ਕਮੀ ਰਹਿ ਗਈ ਹੈ। ਗੁਰਮੰਤਰ ਲੈਣ ਵਾਸਤੇ ਹੀ ਤਾਂ ਅੰਮ੍ਰਿਤ ਛਕੀਦਾ ਹੈ। ਜੇ ਗੁਰਮੰਤਰ (ਨਾਮ) ਹ ਨਾ ਅੰਦਰ ਵਸਿਆ ਤਾਂ ਅੰਮ੍ਰਿਤ ਦਾ ਰਸ ਕਿਵੇਂ ਆਵੇਗਾ ?



Namdhari Elibrary NamdhariElibrary@gmail.com

ਪਤਨੀ :—ਤੁਸੀਂ ਤੇ ਭਾਸ਼ਨ ਝਾੜਨ ਲਗ ਪੈਂਦੇ ਹੋ। ਅੱਛਾ ਦੇਖੀ ਜਾਊ ਜਦੋਂ ਸਮਾਗਮ ਆਵੇਗਾ, ਅੰਮ੍ਰਿਤ ਛਕ ਲਵਾਂਗੇ।

ਜਦ ਕਦੇ ਭੀ ਮੌਕਾ ਬਣਦਾ ਗੁਰਮੁਖ ਆਪਣੀ ਪਤਨੀ ਨੂੰ ਦਸਤਾਰ ਸਜਾਉਣ ਅਤੇ ਰਹਿਤ ਬਹਿਤ ਵਿਚ ਪੂਰੀ ਤਰ੍ਹਾਂ ਰਹਿਣ ਵਾਸਤੇ ਕਹਿੰਦਾ। ਪਤਨੀ ਹਾਂ ਹੂੰ ਕਰ ਛਡਦੀ। ਜਦ ਉਹਨਾਂ ਦੇ ਸ਼ਹਿਰ ਸਮਾਗਮ ਆਉਂਦਾ ਅਤੇ ਗੁਰਮੁਖ ਆਪਣੀ ਪਤਨੀ ਨੂੰ ਅੰਮ੍ਰਿਤ ਛਕਣ ਵਾਸਤੇ ਕਹਿੰਦਾ ਤਾਂ ਉਹ ਅਗੋਂ ਉਤਰ ਦਿੰਦੀ, "ਜੇ ਜ਼ਬਰਦਸਤੀ ਕਰਨੀ ਹੈ ਤਾਂ ਤੁਹਾਡੀ ਮਰਜ਼ੀ, ਵੈਸੇ ਮੇਰਾ ਹਾਲੇ ਮਨ ਨਹੀਂ ਮੰਨਦਾ। ਜੇ ਅੰਮ੍ਰਿਤ ਛਕ ਵੀ ਲਿਆ ਤਾਂ ਮੈਥੋਂ ਪੁੱਗਣਾ ਨਹੀਂ। ਪਾਪ ਚਾੜ੍ਹਨ ਦਾ ਕੀ ਫਾਇਦਾ ?'

ਗੁਰਮੁਖ ਚੁੱਪ ਕਰ ਜਾਂਦਾ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਸਤਿ ਕਰਕੇ ਮੰਨੀ ਜਾਂਦਾ।

ਦਿਨ ਬੀਤਦੇ ਗਏ, ਸਮਾਗਮ ਲੰਘਦੇ ਗਏ, ਸਾਲ ਗੁਜ਼ਰਦੇ ਗਏ। ਗੁਰਮੁਖ ਦੀ ਅੰਮ੍ਰਿਤ ਛਕਣ ਦੀ ਤੜਪ ਦਿਨੋ ਦਿਨ ਵਧਦੀ ਗਈ। ਉਹ ਅੰਮ੍ਰਿਤ ਨਾਮ ਲਈ ਰੋਜ਼ ਦੋ ਵੇਲੇ ਅਰਦਾਸ ਕਰਦਾ। ਮੌਕਾ ਲਗੇ ਤੇ ਆਪਣੀ ਪਤਨੀ ਨੂੰ ਪ੍ਰੇਰਦਾ, ਜਬਰ ਨੂੰ ਜ਼ੁਲਮ ਸਮਝਦਾ ਹੋਇਆ ਉਹ ਆਪਣੀ ਪਤਨੀ ਨੂੰ ਜ਼ਬਰਦਸਤੀ ਅੰਮ੍ਰਿਤ ਛਕਾਉਣ ਤੋਂ ਘਾਬਰ ਜਾਂਦਾ, ਕਦੇ ਕਦੇ ਉਹ ਆਪਣੀ ਪਤਨੀ ਨੂੰ ਕਹਿੰਦਾ, "ਜੇ ਮੈਨੂੰ ਕਦੇ ਇਕਲੇ ਨੂੰ ਅੰਮ੍ਰਿਤ ਮਿਲਦਾ ਹੋਵੇ ਤਾਂ ਮੈਂ ਕਦੇ ਭੀ ਇੰਨੇ ਤਰਲੇ ਨਾ ਕੱਢਾਂ। ਅੱਛਾ ਕੋਈ ਗੱਲ ਨਹੀਂ, ਐਸ ਜਨਮ ਨਾ ਸਹੀ ਤਾਂ ਅਗਲੇ ਜਨਮ ਸਹੀ, ਆਖਰ ਤਾਂ ਸਤਿਗੁਰੂ ਤਰੁੱਠੇਗਾ ਹੀ, ਕਦੇ ਤਾਂ ਅਰਦਾਸ ਸੁਣੇਗਾ ਹੀ !" ਗੁਰਮੁਖ ਗਲ ਪੱਲਾ ਪਾ ਕੇ ਅਰਦਾਸਾਂ ਕਰਦਾ ਰਿਹਾ।। ਜਦੋਂ ਕਦੇ ਉਹ ਕੀਰਤਨ ਸਮਾਗਮ ਤੇ ਜਾਂਦਾ ਅਤੇ ਅੰਮ੍ਰਿਤਧਾਰੀ ਗੁਰਸਿੱਖ ਹੰਸਲਿਆਂ ਦੀਆਂ ਡਾਰਾਂ ਦੀਆਂ ਡਾਰਾਂ ਫਿਰਦੀਆਂ ਵੇਖਦਾ ਤਾ ਉਸ ਦੀਆਂ ਅੱਖਾਂ ਵਿਚ ਪਾਣੀ ਭਰ ਆਉਂਦਾ। ਉਹ ਹਉਕੇ ਲੈਣ ਲਗ ਪੈਂਦਾ ਅਤੇ ਆਪਣੇ ਮਨ ਹੀ ਮਨ ਵਿਚ ਕਹਿੰਦਾ, "ਸਤਿਗੁਰੂ ਕਦੇ ਅਸੀਂ ਵੀ ਇਸ ਰੂਪ ਵਿਚ ਵਿਚਰਾਂਗੇ ?"

ਅਭੁੱਲ ਵੈਸਾਖੀ ਨੂੰ ਤਿੰਨ ਸਾਲ ਬੀਤ ਗਏ, ਚੌਥਾ ਸਾਲ ਵੀ ਅੱਧਾ ਟੱਪ ਗਿਆ। ਗੁਰਮੁਖ ਦੇ ਮਨ ਦੀ ਆਸ ਪੂਰੀ ਨਾ ਹੋਈ। ਇਕ ਦਿਨ ਅੰਮ੍ਰਿਤ ਵੇਲੇ ਦਾ ਨਿੱਤਨੇਮ ਕਰਕੇ ਅਰਦਾਸ ਲਈ ਉੱਠਿਆ ਤਾਂ ਉਸ ਦੇ ਮਨ ਵਿਚ ਆਇਆ



Namdhari Elibrary NamdhariElibrary@gmail.com

ਕਿ ਕਿਉਂ ਨਾ ਸਤਿਗੁਰੂ ਪਾਸੋਂ ਅੰਮ੍ਰਿਤ ਸਬੰਧੀ ਹੁਕਮਨਾਮਾ ਲਿਆ ਜਾਏ ਅਤੇ ਉਸ ਤੋਂ ਪਰਵਾਰ ਨੂੰ ਜਾਣੂ ਕਰਵਾਇਆ ਜਾਏ ? ਗੁਰਮੁਖ ਨੇ ਬੜੇ ਪ੍ਰੇਮ ਨਾਲ ਇਕ ਮਨ ਹੋ ਕੇ ਅਰਦਾਸ ਕੀਤੀ ਜਿਸ ਉਪਰੰਤ ਸ੍ਰੀ ਗੁਰੂ ਗਰੰਥ ਸਾਹਿਬ ਦਾ ਹੇਠ ਲਿਖਿਆ ਹੁਕਮਨਾਮਾ ਆਇਆ :—

ਜੇ ਲੋੜਹਿ ਵਰੁ ਬਾਲੜੀਏ, ਤਾ ਗੁਰ ਚਰਣੀ ਚਿਤੁ ਲਾਏ ਰਾਮ ॥ ਸਦਾ ਹੋਵਹਿ ਸੋਹਾਗਣੀ, ਹਰਿ ਜੀਉ ਮਰੈ ਨਾ ਜਾਏ ਰਾਮ ॥ ਹਰਿ ਜੀਉ ਮਰੈ ਨ ਜਾਏ, ਗੁਰ ਕੈ ਸਹਿਜ ਸੁਭਾਏ, ਸਾਧਨ ਕੰਤ ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ, ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ, ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰ ਰਾਵੈ ਆਪਣਾ, ਜਿਨਿ ਗੁਰ ਚਰਣੀ ਚਿਤੁ ਲਾਇਆ ॥ ੧ ॥

ਪਿਰ ਪਾਇਅੜਾ ਬਾਲੜੀਏ, ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ, ਤਿਤ ਤਨਿ ਮੈਲੁ ਨਾ ਰਾਤੀ, ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭੁ ਰਾਤੀ, ਮੇਰਾ ਪ੍ਰਭੁ ਮੇਲਿ ਮਿਲਾਏ ॥ ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ, ਵਿਚਹੁ ਆਪ ਗਵਾਏ । ਗੁਰਮਤਿ ਪਾਇਆ ਸਹਿਜ ਮਿਲਾਇਆ, ਆਪਣੇ ਪ੍ਰੀਤਮੁ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ, ਪ੍ਰਭੁ ਰਾਵੇ ਰੰਗਿ ਰਾਤੀ ॥ ੨ ॥

ਪਿਰੁ ਰਾਵੇ ਰੰਗਿ ਰਾਤੜੀਏ ਪਿਰੁ ਕਾ ਮਹਲੁ ਤਿਨਿ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ, ਜਿਨਿ ਵਿਚਹੁ ਆਪੁ ਗਵਾਇਆ ਰਾਮ । ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ, ਹਰਿ ਕਾਮਣਿ ਮਨਿ ਭਾਣੀ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ, ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ ਵਿਣੁ ਗੁਰ ਕਿਨੈ ਨਾ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰ ਸੇਤੀ ਚਿਤੁ ਲਾਇਆ ॥ ੩ ॥

ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ ਗੁਰਮਤੀ ਮਨੁ ਨਿਰਮਲ ਹੋਆ, ਹਰਿ ਰਾਖਿਆ ਉਰਧਾਰੇ ਰਾਮ ॥ ਹਰਿ ਰਾਖਿਆ ਉਰਧਾਰੇ ਆਪਣਾ ਕਾਰਜੁ ਸਵਾਰੇ, ਗੁਰਮਤੀ ਹਰਿ ਜਾਤਾ ॥ ਪ੍ਰੀਤਮਿ ਮੋਹਿ ਲਇਆ ਮਨੁ ਮੇਰਾ, ਪਾਇਆ ਕਰਮ ਬਿਧਾਤਾ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ, ਹਰਿ ਵਸਿਆ, ਮੰਨਿ ਮੁਰਾਰੇ ॥ ਨਾਨਕ ਮੇਲਿ ਲਈ ਗੁਰਿ ਅਪੁਨੈ, ਗੁਰ ਕੈ ਸਬਦਿ ਸਵਾਰੇ ॥ ੪ ॥

(ਸੂਹੀ ਮ: ੩)



Namdhari Elibrary NamdhariElibrary@gmail.com

ਇਸ ਘਟਨਾ ਬਾਰੇ ਪ੍ਰਵਾਰ ਨੂੰ ਦੱਸਿਆ ਗਿਆ, ਦਫ਼ਤਰ ਨੂੰ ਜਾਣ ਤੋਂ ਪਹਿਲਾਂ ਗੁਰਮੁਖ ਨੇ ਆਪਣੀ ਪਤਨੀ ਅਤੇ ਲੜਕੀ ਨੂੰ ਕਿਹਾ ਕਿ ਮੇਰੇ ਸ਼ਾਮ ਨੂੰ ਘਰ ਵਾਪਸ ਆਉਣ ਤੇ ਸਭ ਦੇ ਦਸਤਾਰਾਂ ਸਜੀਆਂ ਹੋਈਆਂ ਹੋਣ। ਗੁਰੂ ਕ੍ਰਿਪਾ ਅਨੁਸਾਰ ਇਵੇਂ ਹੀ ਹੋਇਆ। ਪਹਿਲੋਂ ਪਹਿਲ ਕੁਛ ਓਪਰਾਪਨ ਮਹਿਸੂਸ ਹੋਇਆ ਪਰ ਕੁਝ ਦਿਨਾਂ ਬਾਅਦ ਸਭ ਕੁਝ ਠੀਕ ਠਾਕ ਭਾਸਣ ਲਗ ਪਿਆ। ਗੁਰਮੁਖ ਪਹਿਲੋਂ ਦਾੜ੍ਹੀ ਬੰਨ੍ਹ ਕੇ ਰਖਿਆ ਕਰਦਾ ਸੀ ਪਰ ਜਦ ਤੋਂ ਉਸ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ "ਸਚੀਆਂ ਦਾੜ੍ਹੀਆਂ" ਨਾਂ ਦਾ ਟਰੈਕਟ ਪੜ੍ਹਿਆ, ਉਸਨੂੰ ਐਸੀ ਸੋਝੀ ਆਈ ਕਿ ਉਸ ਨੇ ਦਾੜ੍ਹੀ ਬੰਨ੍ਹਣੀ ਬਿਲਕੁਲ ਹੀ ਛੱਡ ਦਿੱਤੀ। ਚਾਰ ਕੁ ਦਿਨ ਲੋਕਾਂ ਨੂੰ ਅਚੰਭਾ ਜਿਹਾ ਮਹਿਸੂਸ ਹੋਇਆ ਪਰ ਫਿਰ ਸਭ ਕੁਝ ਕੁਦਰਤੀ ਲਗਣ ਲਗ ਪਿਆ।

ਜਦ ਤੋਂ ਗੁਰਮੁਖ ਦੀ ਪਤਨੀ ਨੇ ਦਸਤਾਰ ਸਜਾਈ ਉਸਦਾ ਮਨ ਅੰਮ੍ਰਿਤ ਛਕਣ ਲਈ ਉਤਾਵਲਾ ਹੋ ਗਿਆ। ਉਹ ਚਾਹੁੰਦੀ ਸੀ ਕਿ ਅੰਮ੍ਰਿਤ ਛਕ ਕੇ ਇਕ ਪਾਸੇ ਹੋ ਜਾਈਏ। ਗੁਰਮੁਖ ਚਾਹੁੰਦਾ ਸੀ ਕਿ ਰਹਿਤ ਬਹਿਤ ਪੱਕੇ ਹੋ ਕੇ ਅੰਮ੍ਰਿਤ ਛਕੀਏ। ਗੁਰਮੁਖ ਦੀ ਪਤਨੀ ਕਦੇ ਕਦੇ ਉਸਨੂੰ ਲਿਲਕੜੀ ਜੇਹੀ ਕਢ ਕੇ ਅੰਮ੍ਰਿਤ ਛਕਣ ਲਈ ਕਹਿੰਦੀ। ਅੰਮ੍ਰਿਤ ਸੰਚਾਰ ਸਮਾਗਮ ਦੀ ਉਡੀਕ ਹੋਣ ਲਗ਼ ਪਈ। ਹਿਰਦੇ ਪਪੀਹੇ ਵਤ, ਅੰਮ੍ਰਿਤ ਬੂੰਦ ਨੂੰ ਤੜਫਣ ਲਗ ਪਏ। ਉਡੀਕਾਂ ਉਡੀਕਦਿਆਂ ਨੂੰ ਉਹ ਭਾਗਾਂ ਭਰਿਆ ਦਿਨ ਆ ਗਿਆ ਜਿਸ ਦਿਨ ਸਾਰੇ ਪ੍ਰਵਾਰ ਨੇ ਜਹਾਜ਼ੇ ਚੜ੍ਹਨਾ ਸੀ।

ਕੱਤਕ ਦੀ ਪੁੰਨਿਆ ਵਾਲੇ ਦਿਨ ਸਾਰਾ ਪ੍ਰਵਾਰ ਅੰਮ੍ਰਿਤ ਵੇਲੇ ਉਠਿਆ, ਸਕੇਸ਼ ਇਸ਼ਨਾਨ ਕੀਤੇ, ਦਸਤਾਰਾਂ ਸਜਾਈਆਂ ਅਤੇ ਗਾਤਰੇ ਕਿਰਪਾਨਾਂ ਪਾ ਗੁਰੂ ਘਰ ਦੇ ਸਮਾਗਮ ਤੇ ਪੁਜ ਗਏ, ਉਸ ਦਿਨ ਬਾਕੀ ਸਾਲਾਂ ਤੋਂ ਉਲਟ ਇੰਦਰ ਦੇਵਤੇ ਨੂੰ ਭੀ ਵੱਸਣ ਦਾ ਚਾਅ ਉਮਡ ਪਿਆ। ਰਸਤੇ ਵਿਚ ਜਾਂਦਿਆਂ ਮੀਂਹ ਪੈਂਦਾ ਰਿਹਾ ਦੁਪਹਿਰ ਦੇ ਲੰਗਰ ਤੋਂ ਬਾਅਦ ਗੁਰਮੁਖ ਪ੍ਰਵਾਰ ਸਮੇਤ ਤਿਆਰ ਹੋ ਕੇ ਗੁਰੂ ਦੇ ਦਰਬਾਰ ਅੰਮ੍ਰਿਤ ਛਕਣ ਲਈ ਜਾ ਹਾਜ਼ਰ ਹੋਇਆ। ਕਾਫ਼ੀ ਦੇਰ ਬਾਅਦ ਗੁਰੂ ਰੂਪ ਪੰਜਾਂ ਪਿਆਰਿਆਂ ਅਗੇ ਪੇਸ਼ ਹੋਣ ਦੀ ਵਾਰੀ ਆਈ, ਸਭ ਜੀਅ ਉਨੀ ਦੇਰ ਬੂਹੇ ਅਗੇ ਬੈਠੇ ਗੁਰੂ ਗੁਰੂ ਜਪਦੇ ਰਹੇ। ਪੰਜਾਂ ਪਿਆਰਿਆਂ ਨੇ ਡਾਢੀ ਪੁਛ ਪੜਤਾਲ ਕੀਤੀ। ਗੁਰਮੁਖ ਪ੍ਰਵਾਰ ਹੱਥ ਜੋੜੀ ਵਾਰੋ ਵਾਰੀ ਆਪਣੀਆਂ ਭੁੱਲਾਂ ਦਸਦਾ ਗਿਆ।



Namdhari Elibrary NamdhariElibrary@gmail.com

ਸੋਧ ਸੁਧਾਈ ਤੋਂ ਬਾਅਦ ਸਾਰੇ ਅੰਮ੍ਰਿਤ ਅਭਿਲਾਸ਼ੀਆਂ ਨੂੰ ਹਾਲ ਅੰਦਰ ਵਾੜਿਆ ਗਿਆ। ਅਰਦਾਸ ਹੋਈ ਹੁਕਮਨਾਮਾ ਲਿਆ ਗਿਆ ਅਤੇ ਅੰਮ੍ਰਿਤ ਤਿਆਰ ਹੋਣਾ ਅਰੰਭ ਹੋ ਗਿਆ। ਅੰਮ੍ਰਿਤ ਤਿਆਰ ਤੇ ਪ੍ਰਵਾਨਗੀ ਲਈ ਫਿਰ ਅਰਦਾਸ ਹੋਈ। ਗੁਰੂ ਹੁਕਮ ਤੋਂ ਬਾਅਦ ਇਕੱਲੇ ਇਕੱਲੇ ਨੂੰ ਅੰਮ੍ਰਿਤ ਛਕਾਉਣਾ ਅਰੰਭ ਹੋਇਆ। ਗੁਰਮੁਖ ਦੇ ਅੰਦਰ ਜਦੋਂ ਅੰਮ੍ਰਿਤ ਦਾ ਘੁੱਟ ਜਾਂਦਾ ਤਾਂ ਉਹ ਪਹਿਲਾਂ ਨਾਲੋਂ ਵਧ ਚੜ੍ਹ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਬੁਲਾਉਂਦਾ। ਪੰਜ ਚੂਲੇ ਅੰਮ੍ਰਿਤ ਦੇ ਗੁਰਮੁਖ ਦੇ ਮੁਖ ਵਿਚ ਪਏ, ਪੰਜ ਸਿਰ ਵਿਚ ਅਤੇ ਪੰਜ ਛੱਟੇ ਨੇਤਰਾਂ ਵਿਚ ਵਜੇ। ਨੇਤਰਾਂ ਵਿਚ ਜ਼ੋਰ ਜ਼ੋਰ ਦੀ ਛੱਟੇ ਵੱਜਣ ਨਾਲ ਸਾਰੇ ਸਰੀਰ ਵਿਚ ਹਲੂਣਾ ਆ ਗਿਆ। ਅਗਿਆਨਤਾ ਦਾ ਜਾਲਾ ਦੂਰ ਹੋ ਕੇ ਗੁਰਮੰਤਰ ਹਿਰਦੇ ਵਿਚ ਧਸ ਗਿਆ। ਉਠਦੇ ਨੂੰ ਹੀ ਨਾਮ ਅਭਿਆਸ ਕਰਾਉਣ ਵਾਲੇ ਸਿੰਘ ਨੇ ਜੱਫੀ ਪਾਈ ਅਤੇ ਹਾਲ ਦੇ ਇਕ ਪਾਸੇ ਲਿਜਾ ਕੇ ਨਾਮ ਦ੍ਰਿੜ੍ਹਾਉਣਾ ਅਰੰਭ ਕਰ ਦਿਤਾ। ਜਿਉਂ ਜਿਉਂ ਗੁਰਮੁਖ ਨੂੰ ਨਸ਼ਾ ਚੜ੍ਹਦਾ, ਅਭਿਆਸ ਕਰਾਉਣ ਵਾਲਾ ਸਿੰਘ ਆਪਣੀ ਜੱਫੀ ਹੋਰ ਪੀਡੀ ਕਰੀ ਜਾਂਦਾ ਅਤੇ ਗੁਰਮੁਖ ਦੀ ਆਵਾਜ਼ ਹੋਰ ਤੇਜ਼ ਹੁੰਦੀ ਜਾਂਦੀ। ਨਾਮ ਜਪਦਾ ਗੁਰਮੁਖ ਉਲਰ ਉਲਰ ਜਾਵੇ। ਕੁਝ ਸਮੇਂ ਬਾਅਦ ਗੁਰਮੁਖ ਦੇ ਮੂੰਹ ਵਿਚੋਂ ਉਚੀ ਦੇਣੀ "ਗੁਰੂ"... . ਸ਼ਬਦ ਲੰਬੀ ਹੇਕ ਵਿਚ ਨਿਕਲਿਆ ਅਤੇ ਜੱਫੀ ਵਿਚੋਂ ਛੁੱਟ ਕੇ ਫਰਸ਼ ਤੇ ਡਿਗ ਪਿਆ। ਸਵਾਸ ਉਸ ਦੇ ਬਾਰੋ ਬਾਰ ਚਲ ਰਹੇ ਸਨ। ਅਭਿਆਸੀ ਜਨ ਸਮਝ ਰਹੇ ਸਨ—

"ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ,
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ।"

(ਬਿਹਾਗੜਾ ਮ: ੪)

—o—



Namdhari Elibrary NamdhariElibrary@gmail.com

## ੫

# ਸਿਰ ਬੇਚਿਓ ਸਤਿਗੁਰ ਆਗੈ

ਸਾਰੇ ਪਿੰਡ ਵਿਚ ਗੱਲਾਂ ਹੋਣ ਲਗ ਪਈਆਂ—"ਕਲਜੁਗ ਆ ਗਿਆ .. ਸ਼ਰਮ ਹਯਾ ਉਡ ਗਈ ਤੀਵੀਆਂ ਮਰਦਾਂ ਦੀ ਬਰਾਬਰੀ ਕਰਨ ਲੱਗ ਪਈਆਂ... ਢਡਿਆਂ ਵਡੇਰਿਆਂ ਦੀਆਂ ਚਾਲੂ ਕੀਤੀਆਂ ਰੀਤਾਂ ਉਲਟਣ ਲਗੀਆਂ......ਤੀਵੀਆਂ ਭੀ ਪੱਗਾਂ (ਦਸਤਾਰਾਂ) ਬੰਨ੍ਹਣ ਲਗ ਪਈਆਂ......ਜ਼ਮਾਨਾ ਉਲਟਣ ਲਗਾ ..... ਇਹ ਕਿਸੇ ਭੇਜਲ (ਭਵਜਲ) ਦੀ ਨਿਸ਼ਾਨੀ ਹੈ..... ਦੁਨੀਆਂ ਗਰਕ ਹੋਣ ਤੇ ਆਈ ਹੈ ਪੜਦਾ (ਘੁੰਡ) ਉਕਾ ਹੀ ਉਡ ਗਿਆ ਆਦਿ।" ਜਦੋਂ ਤੋਂ ਚਰਨ ਕੌਰ ਹੋਰੀਂ ਅੰਮ੍ਰਿਤ ਛਕਿਆ ਅਤੇ ਖਾਲਸਈ ਰਹਿਤ ਬਹਿਤ ਵਿਚ ਆਕੇ ਗੁਰੂ ਹੁਕਮ— "ਸਾਬਤ ਸੂਰਤਿ ਦਸਤਾਰ ਸਿਰਾ" ਅਨੁਸਾਰ ਦਸਤਾਰ ਸਜਾਈ ਪਿੰਡ ਦੇ ਸਨਾਤਨੀ ਖਿਆਲਾਂ ਦੇ ਲੋਕਾਂ ਵਿਚ ਆਮ ਚਰਚਾ ਛਿੜ ਪਈ। ਜਦੋਂ ਕਦੇ ਬੀਬੀ ਚਰਨ ਕੌਰ ਬਾਹਰ ਜਾਂਦੀ ਤਾਂ ਲੋਕੀਂ ਉਂਗਲਾਂ ਚੁਕ ਚੁਕ ਗੱਲਾਂ ਕਰਦੇ, ਕਈਆਂ ਨੇ ਚਰਨ ਕੌਰ ਦੇ ਮਰਦਾਵੇਂ ਪਹਿਰਾਵੇ ਦਾ ਜ਼ਿਕਰ ਉਸ ਦੇ ਸਹੁਰੇ ਕੋਲ ਭੀ ਕੀਤਾ ਅਤੇ ਉਸ ਨੂੰ ਆਪਣੀ ਨੂੰਹ ਨੂੰ ਵਰਜਣ ਲਈ ਕਿਹਾ।

ਬੀਬੀ ਚਰਨ ਕੌਰ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਗਿਆ ਸੀ। ਪੂਰਬਲੇ ਕਰਮਾਂ ਅਨੁਸਾਰ ਉਸਨੂੰ ਗੁਰਮੁਖ ਪਤੀ ਮਿਲ ਗਿਆ। ਕੁਝ ਸਾਲਾਂ ਬਾਅਦ ਜਦੋਂ ਉਹ ਮੁਕਲਾਵੇ ਆਈ ਤਾਂ ਪਤੀ ਦੀ ਪ੍ਰੇਰਨਾ ਅਨੁਸਾਰ ਘਗਰੇ ਅਤੇ ਗਹਿਣਿਆਂ ਆਦਿ ਦਾ ਤਿਆਗ ਕਰ ਦਿਤਾ ਸੀ। ਸਹੁਰੇ ਘਰ ਉਹਨਾਂ ਦੇ ਇਸ ਕਦਮ ਦੀ ਕੋਈ ਸਹਾਰਨਾ ਨਾ ਹੋਈ ਸਗੋਂ ਇਸ ਦੇ ਉਲਟ ਗੁੱਸੇ ਅਤੇ ਨਾਰਾਜ਼ਗੀ ਦੀ ਅੱਗ



Namdhari Elibrary NamdhariElibrary@gmail.com

ਬਲਣ ਲਗ ਪਈ। ਤੀਵੀਆਂ ਚਰਨ ਕੌਰ ਨੂੰ ਗਹਿਣਿਆਂ ਤੋਂ ਬਿਨਾਂ ਬੁੱਸੀ ਬੁੱਸੀ ਦਸਦੀਆਂ ਅਤੇ ਆਦਮੀ ਘਗਰੇ ਤੋਂ ਬਿਨਾਂ ਉਸਨੂੰ ਦੇਖ ਨਾ ਸਖਾਂਦੇ।

ਬੀਬੀ ਚਰਨ ਕੌਰ ਨਿੱਤ ਦੇ ਉਲਾਭਿਆਂ, ਤਾਹਨਿਆਂ ਮਿਹਣਿਆਂ ਦੀ ਰਤੀ ਭਰ ਵੀ ਪਰਵਾਹ ਨਾ ਕਰਦੀ ਹੋਈ ਦਿਨੋ ਦਿਨ ਗੁਰਮਤਿ ਦੀ ਧਾਰਨੀ ਹੁੰਦੀ ਗਈ ਵਿਹਲੇ ਸਮੇਂ ਨਿਤਨੇਮ ਦਾ ਪਾਠ ਯਾਦ ਕਰਦੀ ਜਾਂ ਫਿਰ ਕੋਈ ਪੁਸਤਕ ਪੜ੍ਹਦੀ। ਰਾਤ ਨੂੰ ਆਪਣੇ ਪਤੀ ਨਾਲ ਗੁਰਮਤਿ ਸਬੰਧੀ ਵਿਚਾਰ ਵਟਾਂਦਰਾ ਕਰਦੀ ਅਤੇ ਆਪਣੀਆਂ ਊਣਤਾਈਆਂ ਨੂੰ ਦੂਰ ਕਰਨ ਲਈ ਉਪਰਾਲੇ ਕਰਦੀ।

ਸਮਾਂ ਬੀਤਦਾ ਗਿਆ, ਗੁਰਮੁਖ ਜੋੜਾ ਗੁਰਮਤਿ ਦੇ ਰਸਤੇ ਤੇ ਪੌੜੀਓਂ ਪੌੜੀ ਅਗਾਹ ਵਧਦਾ ਗਿਆ। ਉਨ੍ਹਾਂ ਦੇ ਹਿਰਦੇ ਵਿਚ ਅੰਮ੍ਰਿਤ ਛਕਣ ਦੀ ਲਿਲ੍ਹ ਜਾਗ ਉਠੀ।

ਘਰਦਿਆਂ ਨੇ ਲਖਣ ਲਗਾ ਲਿਆ ਕਿ ਮੁੰਡਾ ਵਿਗੜ ਗਿਆ ਹੈ ਅਤੇ ਇਸ ਨੇ ਵਹੁਟੀ ਨੂੰ ਭੀ ਵਿਗਾੜ ਦਿਤਾ ਹੈ। ਉਨ੍ਹਾਂ ਨੇ ਹੋਰ ਕੋਈ ਚਾਰਾ ਨਾ ਚਲਦਾ ਵੇਖਕੇ ਚਰਨ ਕੌਰ ਹੋਰਾਂ ਨੂੰ ਜੁਦੇ ਕਰ ਦਿਤਾ ਅਤੇ ਘਰੋਂ ਕੋਈ ਭੀ ਸਮਾਨ ਉਨ੍ਹਾਂ ਨੂੰ ਨਾ ਦਿਤਾ। ਉਹਨਾਂ ਨੇ ਇਹ ਹਥਕੰਡਾ ਚਰਨ ਕੌਰ ਹੋਰਾਂ ਨੂੰ ਆਪਣੇ ਖਿਆਲ ਅਨੁਸਾਰ ਸਿੱਧਿਆਂ ਕਰਨ ਵਾਸਤੇ ਵਰਤਿਆ ਪਰ ਉਹ ਇਹ ਨਾ ਸਮਝ ਸਕੇ ਕਿ ਗੁਰਮੁਖ ਜੋੜਾ ਤੇ ਸਤਿਗੁਰ ਅਗੇ ਸਿਰ ਵੇਚਣ ਦੀ ਸੋਚੀ ਬੈਠਾ ਹੈ। ਚਰਨ ਕੌਰ ਹੋਰੀਂ ਦੁਨਿਆਵੀ ਮਾਇਆ ਨਾਲੋਂ ਪ੍ਰੀਤ ਤੋੜ ਕੇ ਅਕਾਲ ਪੁਰਖ ਨਾਲ ਨੇਹੁ ਜੋੜਨ ਦੇ ਉਪਰਾਲੇ ਕਰ ਰਹੇ ਸਨ। ਜਿਉਂ ਜਿਉਂ ਘਰ ਦੇ ਉਪਰਾਲੇ ਕਰ ਰਹੇ ਸਨ। ਜਿਉਂ ਜਿਉਂ ਘਰ ਦੇ ਉਨ੍ਹਾਂ ਨੂੰ ਵਧੇਰੇ ਤੰਗ ਕਰਦੇ ਤਿਉਂ ਤਿਉਂ ਉਹ ਇਨ੍ਹਾਂ ਤੁਕਾਂ ਨੂੰ ਯਾਦ ਕਰਦੇ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।

(ਸਲੋਕ ਵਾਰਾਂ ਤੇ ਵਧੀਕ

ਘਰ ਦਿਆਂ ਦੇ ਜੁਦਾ ਕਰਨ ਤੇ ਬੀਬੀ ਚਰਨ ਕੌਰ ਹੋਰਾਂ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਪ੍ਰਭੂ ਦੇ ਭਾਣੇ ਵਿਚ ਇਹ ਸ਼ਬਦ ਗੁਣਗਣਾਂਦੇ :—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ,



Namdhari Elibrary NamdhariElibrary@gmail.com

ਦੁਖਿ ਭੀ ਤੁਝੈ ਧਿਆਈ ।
ਜੇ ਭੁਖ ਦੇਹਿ ਤਾ ਇਤ ਹੀ ਰਾਜਾ,
ਦੁਖ ਵਿਚਿ ਸੂਖ ਮਨਾਈ ।

(ਰਾਗ ਸੂਹੀ ਅਸ਼ਟਪਦੀਆਂ ਮ: ੪)

ਸਹੁਰੇ ਘਰ ਦੇ ਜਦੋਂ ਇਸ ਸਲੂਕ ਦੀ ਖ਼ਬਰ ਚਰਨ ਕੌਰ ਦੇ ਪੇਕਿਆਂ ਨੂੰ ਪਹੁੰਚੀ ਤਾਂ ਉਨ੍ਹਾ ਨੇ ਘਰ ਦੀਆ ਲੋੜੀਂਦੀਆਂ ਚੀਜ਼ਾਂ ਵਸਤਾਂ ਦਾ ਗੱਡਾ ਭਰਕੇ ਚਰਨ ਕੌਰ ਨੂੰ ਪਹੁੰਚਾ ਦਿਤਾ ।

ਅਕਾਲ ਪੁਰਖ ਦੇ ਭਾਣੇ ਅੰਦਰ ਸਬਰ ਸ਼ੁਕਰ ਕਰਦਾ ਗੁਰਮੁਖ ਜੋੜਾ ਪ੍ਰਭੂ ਪ੍ਰੀਤ ਵਲ ਕਦਮ ਅਗਾਂਹ ਵਧਾਂਦਾ ਗਿਆ । ਉਡੀਕਾਂ ਉਡੀਕਦਿਆਂ ਨੂੰ ਉਹ ਘੜੀ ਆ ਬਣੀ ਜਦੋਂ ਉਹ "ਨਵੇਂ ਜੀਵਨ" ਵਾਸਤੇ ਅੰਮ੍ਰਿਤ ਬੂੰਦ ਲਈ ਗੁਰੂ ਸ਼ਰਨ ਗੁਰੂ ਰੂਪ ਪੰਜਾਂ ਪਿਆਰਿਆਂ ਅੱਗੇ ਜਾ ਹਾਜ਼ਰ ਹੋਏ । ਸਤਿਗੁਰ ਦੇ ਕਦਮਾਂ ਵਿਚ ਜਾ ਢੱਠੇ ਅਤੇ ਆਪਣੇ ਸੀਸ ਸਤਿਗੁਰ ਦੇ ਅੱਗੇ ਅਰਪ ਦਿੱਤੇ ।

ਗੁਰੂ ਦੀ ਮਿਹਰ ਅਨੁਸਾਰ ਗੁਰਮੁਖ ਜੋੜਾ ਅੰਮ੍ਰਿਤ ਛਕ ਕੇ "ਖਾਲਸਾ" ਬਣ ਗਿਆ ਅਤੇ ਮਸਤਕ ਮਣੀ ਦਗ ਦਗ ਕਰ ਉੱਠੀ । ਪਿਛਲਾ ਅਨਮਤੀ ਜੀਵਨ ਖਤਮ ਹੋ ਗਿਆ ਅਤੇ ਸਤਿਗੁਰ ਦੇ ਘਰ ਨਵਾਂ ਜਨਮ ਮਿਲ ਗਿਆ ।

ਘਰ ਵਿਚ ਗਰੀਬੀ ਨੇ ਪੈਰ ਜਮਾਏ ਹੋਏ ਸਨ । ਕਈ ਵੇਰ ਲੰਗਰ ਮਸਤਾਨਾ ਹੀ ਰਹਿੰਦਾ ਅਤੇ ਕੇਵਲ ਜਲ ਛਕ ਕੇ ਹੀ ਡੰਗ ਲੰਘਾਣਾ ਪੈਂਦਾ ।

ਕੁਝ ਸਮਾਂ ਪਾ ਕੇ ਰੋਜ਼ਗਾਰ ਦੇ ਚੱਕਰ ਵਿਚ ਸਿੰਘ ਸਾਹਿਬ ਬਰਮਾਂ ਨੂੰ ਚਲੇ ਗਏ ਅਤੇ ਪਿਛੇ ਚਰਨ ਕੌਰ ਇਕੱਲੀ ਹੀ ਰਹਿ ਗਈ, ਹੁਣ ਤਕ ਚਰਨ ਕੌਰ ਇਕ ਬਾਲ (ਬੱਚੇ) ਦੀ ਮਾਂ ਬਣ ਚੁੱਕੀ ਸੀ ।

ਇਕ ਦਿਨ ਤਿਰਕਾਲਾਂ ਵੇਲੇ ਲੋਕਾਂ ਨੇ ਚਰਨ ਕੌਰ ਦੇ ਸਹੁਰੇ ਨੂੰ ਹੱਥ ਵਿਚ ਕੁਹਾੜੀ ਫੜੀ ਬੜੇ ਰੋਹ ਵਿਚ ਚਰਨ ਕੌਰ ਦੇ ਬੂਹੇ ਵਲ ਜਾਂਦਾ ਦੇਖਿਆ। ਚਰਨ ਕੌਰ ਉਸ ਸਮੇਂ ਨਿੱਤ ਵਾਂਗ ਹੱਥ ਵਿਚ ਸਰਬ ਲੋਹ ਦਾ ਗੜਵਾ ਅਤੇ ਮੋਢੇ ਟਕੂਆ ਰੱਖੀ ਜੰਗਲ ਪਾਣੀ ਵਾਸਤੇ ਬਾਹਰ ਜਾਣ ਲੱਗੀ ਸੀ ਕਿ ਉਸ ਦੇ ਸਹੁਰੇ ਨੇ ਉਸ ਨੂੰ ਲਲਕਾਰਿਆ ਅਤੇ ਕਿਹਾ, "ਤੈਂ ਸਾਡੀ ਬਥੇਰੀ ਮਿੱਟੀ ਪਲੀਤ ਕਰ ਛੱਡੀ ਆ । ਅਸੀਂ ਹੁਣ ਬਹੁਤੀ ਦੇਰ ਲੋਕਾਂ ਦੀਆਂ ਗੱਲਾਂ ਨਹੀਂ ਸੁਣ ਸਕਦੇ । ਅਜ ਮੈਂ ਤੇਰਾ ਰਸਤਾ ਵੱਢ ਛਡਣਾ...। ਦੇਖ ! ਜੇ ਬਾਹਰ ਜਾਣਾ ਆ ਤਾਂ ਪੱਗ (ਦਸਤਾਰ) ਲਾਹਕੇ



Namdhari Elibrary NamdhariElibrary@gmail.com

ਜਾ ਨਹੀਂ ਤਾਂ ਮੈਂ ਤੇਰਾ ਸਿਰ ਲਾਹ ਛੱਡਣਾ ਆ!" ਚਰਨ ਕੌਰ ਚੁੱਪ ਖਲੋਤੀ ਸੁਣਦੀ ਰਹੀ ਅਤੇ ਕੋਈ ਉੱਤਰ ਨਾ ਦਿਤਾ। "ਚੁੱਪ ਕਿਉ, ਖੜੀ ਏਂ ? ਬੋਲਦੀ ਕਿਉਂ ਨਹੀਂ ?" ਚਰਨ ਕੌਰ ਦਾ ਸਹੁਰਾ ਕੜਕਿਆ। "ਬਾਪੂ ਜੀ ਇਹ ਸਿਰ ਤੇ ਗੁਰੂ ਦੇ ਵਿੱਕ ਚੁੱਕਾ ਹੈ। ਇਸ ਤੋਂ ਮੈਂ ਦਸਤਾਰ ਨਹੀਂ ਲਾਹ ਸਕਦੀ" ਚਰਨ ਕੌਰ ਨੇ ਨਿਮਰਤਾ ਸਹਿਤ ਉਤਰ ਦਿਤਾ। "ਦਸਤਾਰ ਨਹੀਂ ਲਹਿ ਸਕਦੀ ? ਤਾਂ ਫਿਰ ਤੈਨੂੰ ਸਿਰ ਦੇਣਾ ਪਵੇਗਾ, ਹੁਣ ਤੂੰ ਪੱਗ ਬੰਨ੍ਹ ਕੇ ਬਾਹਰ ਨਹੀਂ ਜਾ ਸਕਦੀ। ਸਰਦਲੋਂ ਬਾਹਰ ਹੋ ਕੇ ਵਿਖਾ ਤੇਰਾ ਗਾਟਾ ਨਾ ਲਾਹ ਸੁਟਿਆ।" ਚਰਨ ਕੌਰ ਦੇ ਸਹੁਰੇ ਨੇ ਰੋਹ ਵਿਚ ਬੋਲਦੇ ਹੋਏ ਕਿਹਾ।

ਗਲੀ ਵਿਚ ਰੌਲਾ ਸੁਣ ਕੇ ਲੋਕੀਂ ਇਕੱਠੇ ਹੋ ਗਏ ਸਨ। ਚਰਨ ਕੌਰ ਨੇ ਆਪਣੇ ਸਹੁਰੇ ਦੇ ਗੁੱਸੇ ਭਰੇ ਬਚਨ ਸੁਣ ਕੇ ਅਕਾਲ ਪੁਰਖ ਦਾ ਧਿਆਨ ਧਰਦਿਆਂ ਕਿਹਾ, "ਲਓ ਬਾਪੂ ਜੀ ਤੁਸੀਂ ਸਿਰ ਲਾਹ ਦਿਓ ਪਰ ਦਸਤਾਰ ਨਹੀਂ ਲਹਿ ਸਕਦੀ।"ਚਰਨ ਕੌਰ ਦੇ ਦ੍ਰਿੜ੍ਹ ਇਰਾਦੇ ਵਾਲੇ ਬਚਨ ਸੁਣ ਕੇ ਉਸ ਦਾ ਸਹੁਰਾ ਠਠੰਬਰ ਗਿਆ ਅਤੇ ਕੁਹਾੜੀ ਦਾ ਵਾਰ ਕਰਨ ਦਾ ਹੀਆਂ ਨਾ ਕਰ ਸਕਿਆ। ਗਲੀ ਵਿਚ ਖਲੋਤੇ ਲੋਕਾਂ ਵਿਚੋਂ ਇਕ ਨੇ ਆਵਾਜ਼ ਦਿਤੀ, "ਓਏ ਕਿਉਂ ਬਿਚਾਰੀ ਦਾ ਲਹੂ ਪੀਣ ਲਗੇ ਹੋਏ ਓ, ਉਸ ਦਾ ਰਾਹ ਕਿਉਂ ਨਹੀਂ ਛਡਦੇ ?" ਚਰਨ ਕੌਰ ਦਾ ਸਹੁਰਾ ਘਬਰਾ ਕੇ ਦੰਦ ਪੀਂਹਦਾ ਪਿਛੇ ਹੱਟ ਗਿਆ ਅਤੇ ਚਰਨ ਕੌਰ ਜੰਗਲ ਪਾਣੀ ਕਰਨ ਬਾਹਰ ਚਲੀ ਗਈ। ਲੋਕੀਂ ਬਿਤਰ ਬਿਤਰ ਦੇਖਦੇ ਰਹਿ ਗਏ।

o

Namdhari Elibrary NamdhariElibrary@gmail.com

## ੬

# ਸਰਬ ਰੋਗ ਕਾ ਅਉਖਦੁ ਨਾਮ

ਕਿਸ਼ਨ ਕੌਰ ਗੁਰਦੁਆਰਿਓਂ ਵਾਪਸ ਘਰ ਨੂੰ ਜਾਂਦੀ ਸਾਰਾ ਰਸਤਾ ਸੋਚਦੀ ਹੀ ਗਈ "ਸਰਬ ਰੋਗ ਕਾ ਅਉਖਦੁ ਨਾਮੁ (......) ਸਰਬ ਰੋਗ ਕਾ ਅਉਖਦੁ—ਨਾਮੁ ?......ਸਾਰੇ ਰੋਗਾਂ ਦੀ ਦੁਆਈ 'ਨਾਮ' ? 'ਨਾਮ' ਸਾਰੇ ਰੋਗਾਂ ਦਾ ਦਾਰੂ ? ਪ੍ਰਭੂ ਦਾ ਨਾਮ ਦਾਰੂ ? ਦੁਆਈ ?......ਜੇ ਪ੍ਰਭੂ ਦਾ ਨਾਮ ਸਾਰੇ ਰੋਗਾਂ ਦਾ ਦਾਰੂ ਹੈ ਤਾਂ ਮੈਂ ਕਿਉਂ ਹਰ ਰੋਜ਼ ਡਾਕਟਰ ਦੀ ਦੁਕਾਨ ਨੂੰ ਤੁਰੀ ਰਹਿੰਦੀ ਹਾਂ ? ਪੈਸੇ ਭੀ ਦੇਈਦੇ ਹਨ, ਡਾਕਟਰ ਦੀ ਦੁਕਾਨ ਤੇ ਆਉਣ ਜਾਣ ਦੀ ਖੇਚਲ ਭੀ ਝਲੀਦੀ ਹੈ, ਖਾਣ ਪੀਣ ਦਾ ਪਰਹੇਜ਼ ਭੀ ਰਖੀਦਾ ਹੈ, ਦੁਆਈ ਭੀ ਡਾਕਟਰ ਦੇ ਕਹੇ ਅਨੁਸਾਰ ਵਰਤੀਦੀ ਹੈ ਪਰ ਮੈਨੂੰ ਤੇ ਆਰਾਮ ਫਿਰ ਵੀ ਨਹੀਂ, ਸਰੀਰ ਦੇ ਦਰਦਾਂ ਨੇ ਤੰਗ ਕਰ ਛਡਿਆ ਹੈ, ਟੀਕੇ ਲਗਾ ਲਗਾ ਡਾਕਟਰਾਂ ਨੇ ਲੱਤਾਂ ਬਾਹਾਂ ਬਿੰਨ੍ਹ ਛੱਡੀਆਂ ਨੇ, ਪਤਾ ਨਹੀਂ ਲਗਦਾ ਕੇਹਾ ਚੰਦਰਾ ਰੋਗ ਚੰਬੜਿਆ ਹੋਇਆ ਹੈ। ਜੇ ਬੈਠ ਜਾਈਦਾ ਹੈ ਤਾਂ ਉਠਿਆ ਨਹੀਂ ਜਾਂਦਾ ਅਤੇ ਜੇ ਉਠਕੇ ਤੁਰੀਦਾ ਹੈ ਤਾਂ ਸਾਰੇ ਸਰੀਰ ਵਿਚ ਚੀਸਾਂ ਪੈਣ ਲਗ ਪੈਂਦੀਆਂ ਹਨ, ਮੈਂ ਸੋਚਿਆ ਹੌਲੀ ਸਹਿਜੇ ਸਵੇਰ ਨੂੰ ਗੁਰਦੁਆਰੇ ਹੀ ਮੱਥਾ ਟੇਕ ਆਇਆ ਕਰੀਏ। ਭਲਾ ਜੇ ਬਾਬਾ ਸਾਡੇ ਵੀ ਰੋਗ ਕੱਟ ਦੇਵੇ......।"

"ਕੀ ਇਹ ਠੀਕ ਹੈ—ਸਰਬ ਰੋਗ ਕਾ ਅਉਖਦੁ ਨਾਮੁ ? ਕੀ ਇਹ ਸੱਚ ਹੈ ਕਿ ਪ੍ਰਮਾਤਮਾ ਦਾ ਨਾਂ ਸਾਰੇ ਰੋਗਾਂ ਦਾ ਦਾਰੂ ਹੈ ? ਜੇ ਇਹ ਸੱਚ ਹੈ ਤਾਂ ਮੈਨੂੰ ਡਾਕਟਰਾਂ ਦੀਆਂ ਕੌੜੀਆਂ ਕੁਸੈਲੀਆਂ ਦੁਆਈਆਂ ਖਾਣ ਦੀ ਕੀ ਲੋੜ ਹੈ ? ਮੈਂ ਭੀ ਕਿਉਂ ਨਹੀਂ ਪ੍ਰਭੂ ਦੇ ਨਾਮ ਦੀ ਦੁਆਈ ਵਰਤਦੀ ?"



Namdhari Elibrary NamdhariElibrary@gmail.com

ਕਿਸ਼ਨ ਕੌਰ ਘਰ ਅਪੜਦੀ ਹੀ ਮੰਜੇ ਤੇ ਲੇਟ ਗਈ, ਅੱਖਾਂ ਅੱਡੀ ਛੱਤ ਵਲ ਵੇਖਦੀ ਰਹੀ ਅਤੇ ਸੋਚਦੀ ਰਹੀ। ਥੋੜੀ ਦੇਰ ਬਾਦ ਉਸਦੀ ਨੂੰਹ ਨੇ ਆ ਕੇ ਕਿਹਾ, "ਮਾਂ ਜੀ ! ਦੁੱਧ ਗਰਮ ਹੈ, ਦੁਆਈ ਖਾ ਲਓ", "ਦੁਆਈ" ਖਾ ਲਓ ? ਬੀਬਾ ! ਮੈਂ ਨਹੀਂ ਜੇ ਇਹ ਦੁਆਈ ਖਾਣੀ। ਮੈਂ ਤਾਂ ਦੁਆਈਆਂ ਖਾ ਖਾ ਤੰਗ ਆ ਗਈ ਆਂ" ਥੱਕੀ ਪਈ ਕਿਸ਼ਨ ਕੌਰ ਨੇ ਕਿਹਾ। "ਮਾਂ ਜੀ ਫੇਰ ਤੁਹਾਨੂੰ ਆਰਾਮ ਕਿਵੇਂ ਆਵੇਗਾ ?" ਕਿਸ਼ਨ ਕੌਰ ਦੀ ਨੂੰਹ ਨੇ ਸਵਾਲ ਕੀਤਾ, "ਆਣਾ ਹੋਊਗਾ ਤਾਂ ਆ ਜਾਊ ਨਹੀਂ ਤੇ ਨਾ ਸਹੀ" ਉਪਰਾਮ ਹੋਈ ਕਿਸ਼ਨ ਕੌਰ ਨੇ ਉਤਰ ਦਿਤਾ। "ਜੇ ਦੁਆਈ ਨਹੀਂ ਖਾਣੀ ਤਾਂ ਦੁਧ ਹੀ ਪੀ ਲਓ ?" ਕਿਸ਼ਨ ਕੌਰ ਦੀ ਨੂੰਹ ਨੇ ਪੁਛਿਆ। "ਅੱਛਾ ਲਿਆ ਦੇ" ਮੰਜੇ ਤੇ ਵਖ ਭਾਰ ਹੁੰਦੀ ਕਿਸ਼ਨ ਕੌਰ ਨੇ ਕਿਹਾ।

ਕਿਸ਼ਨ ਕੌਰ ਨੇ ਹੁਣ ਡਾਕਟਰ ਦੀ ਦੁਆਈ ਖਾਣੀ ਛਡ ਦਿਤੀ। ਉਸ ਨੇ ਹਰ ਰੋਜ਼ ਸਵੇਰ ਨੂੰ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਉਹ ਥੋੜੀ ਦੇਰ ਗੁਰਦੁਆਰੇ ਪਾਠ ਸੁਣਕੇ ਘਰ ਨੂੰ ਵਾਪਸ ਆ ਜਾਂਦੀ ਅਤੇ ਫਿਰ ਹੌਲੀ ਹੌਲੀ ਵਧੇਰਾ ਸਮਾਂ ਗੁਰਦੁਆਰੇ ਬੈਠਣ ਲਗ ਪਈ। ਕੁਝ ਸਮਾਂ ਪਾ ਕੇ ਉਹ ਹੌਲੀ ਹੌਲੀ ਝਾੜੂ ਬੁਹਾਰੀ ਭੀ ਗੁਰਦੁਆਰੇ ਕਰਨ ਲਗ ਪਈ।

ਸਿਆਲ ਲੰਘ ਗਿਆ ਅਤੇ ਪੱਧਰ ਦਿਨ ਆ ਗਏ। ਕਿਸ਼ਨ ਕੌਰ ਅੰਮ੍ਰਿਤ ਵੇਲੇ ਉਠਦੀ, ਇਸ਼ਨਾਨ ਕਰਕੇ ਗੁਰਦੁਆਰੇ ਚਲੀ ਜਾਂਦੀ। ਉਸਦੇ ਗੁਰਦੁਆਰੇ ਜਾਂਦੀ ਨੂੰ ਗਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦੀਆਂ ਤਿਆਰੀਆਂ ਵਿਚ ਲਗਾ ਹੋਇਆ ਹੁੰਦਾ। ਕਿਸ਼ਨ ਕੌਰ ਅੰਦਰ ਬਾਹਰ ਝਾੜੂ ਦੇ ਦਿੰਦੀ ਅਤੇ ਫਿਰ ਹੱਥ ਮੂੰਹ ਧੋ ਕੇ ਅੰਦਰ ਚੌਕੜਾ ਮਾਰ ਕੇ ਬਹਿ ਜਾਂਦੀ ਅਤੇ ਸੁਖਮਨੀ ਸਾਹਿਬ ਦਾ ਪਾਠ ਸੁਣਨ ਲਗ ਜਾਂਦੀ।

ਕਿਸ਼ਨ ਕੌਰ "ਸਰਬ ਰੋਗ ਕਾ ਅਉਖਦੁ ਨਾਮੁ" ਵਾਲੀ ਤੁਕ ਬੜੇ ਗਹੁ ਨਾਲ ਸੁਣਦੀ। ਉਸਦੇ ਦਿਮਾਗ ਵਿਚ ਸ਼ਬਦ "ਨਾਮ" ਚੱਕਰ ਖਾਣ ਲਗ ਜਾਂਦਾ, ਉਹ ਮੁੜ ਮੁੜ ਸੋਚਦੀ—

"ਸਰਬ ਰੋਗ ਕਾ ਅਉਖਦੁ ਨਾਮੁ ॥"

ਕਿਸ਼ਨ ਕੌਰ ਸੋਚਦੀ—"ਕਿਹੜਾ ਨਾਮ ?" ......ਰਾਮ ਰਾਮ...ਹਰਿ ਹ[illegible] ਗੋਬਿੰਦ ਗੋਬਿੰਦ...ਨਾਰਾਇਣ ਨਾਰਾਇਣ...ਪ੍ਰਭੂ...ਪ੍ਰਭੂ...ਸਤਿਨਾਮ ਸਤਿਨਾਮ. ਵਾਹਿਗੁਰੂ ਵਾਹਿਗੁਰੂ...ਵਾਹ-ਗੁਰ ਵਾਹ-ਗੁਰ ..?"



Namdhari Elibrary NamdhariElibrary@gmail.com

"ਗੁਰੂ ਦੀ ਬਾਣੀ ਤਾਂ ਬਾਰੰ-ਬਾਰ, ਸੁਾਸ ਸੁਾਸ ਨਾਮ ਜਪਣ ਵਾਸਤੇ ਕਹਿੰਦੀ ਹੈ। ਕੀ ਪ੍ਰਭੂ ਦਾ ਨਾਂ ਇਉਂ ਲਿਆ ਜਾਏ ਜਿਵੇਂ ਮੈਂ ਆਪਣੀ ਛੋਟੀ ਕੁੜੀ ਦੀਪੋ ਨੂੰ ਵਾਜਾਂ ਮਾਰਦੀ ਹੁੰਦੀ ਆਂ—ਨੀ ਦੀਪੋ ! ਦੀਪੋ ! ਦੀਪੋ ! ਦੀਪੋ ! ਦੀਪੋ......? ਅਤੇ ਜਿੰਨੀ ਦੇਰ ਤਕ ਉਹ ਬੋਲਦੀ ਨਹੀਂ ਅਤੇ ਮੈਨੂੰ ਦਿਸ ਨਹੀਂ ਪੈਂਦੀ ਉੱਨੀ ਦੇਰ ਤਕ ਮੈਂ ਬਾਰ ਬਾਰ, ਸਾਹੇ ਸਾਹ ਉਸਨੂੰ ਹਾਕਾਂ ਮਾਰਦੀ ਹੀ ਰਹਿੰਦੀ ਆਂ ?"

ਕਿਸ਼ਨ ਕੌਰ ਹੁਣ ਗੁਰਦੁਆਰੇ ਦੀ ਪੱਕੀ ਪ੍ਰੇਮਣ ਬਣ ਗਈ। ਸਵੇਰ ਨੂੰ ਉਹ ਹੁਣ ਆਸਾ ਦੀ ਵਾਰ ਦਾ ਕੀਰਤਨ ਸੁਣ ਅਤੇ ਭੋਗ ਪਏ ਤੇ ਘਰ ਆਉਂਦੀ। ਇਕ ਦਿਨ ਕੀਰਤਨ ਵਿਚ ਉਸਨੂੰ ਇਸ ਤੁਕ ਨੇ ਐਸਾ ਟੁੰਬਿਆ ਕਿ ਉਸ ਦੀ ਸੋਚ ਦਾ ਚੱਕਰ ਹੋਰ ਪੀਡਾ ਹੋ ਗਿਆ—

"ਮੇਰੇ ਮਨ ਨਾਮੁ ਅੰਮ੍ਰਿਤ ਪੀਉ,
ਆਨ ਸਾਦ ਬਿਸਾਰਿ ਹੋਛੇ
ਅਮਰੁ ਜੁਗੁ ਜੁਗੁ ਜੀਉ ।"

ਉਹ ਸੋਚਦੀ—"ਨਾਮ ਅੰਮ੍ਰਿਤ ਪੀਓ ?...ਅੰਮ੍ਰਿਤ ਨਾਮ ਪੀਓ ?... ਪੀਈਦੀ ਤਾਂ ਦੁਆਈ ਹੀ ਹੈ। ਕਿਸੇ ਦਾ ਨਾਮ ਤਾਂ ਜੀਭ ਨਾਲ ਲਈਦਾ ਹੀ ਹੈ। ਇਹ ਪੀਵਣਾ ਕਿਵੇਂ ਹੋਇਆ ? ਨਾਮ ਕੋਈ ਪਾਣੀ ਹੈ ਜੋ ਪੀਵਿਆ ਜਾਏ ?"

ਕਿਸ਼ਨ ਕੌਰ ਫਿਰ ਸੋਚਦੀ—"ਨਾਮ ਅੰਮ੍ਰਿਤ ਪੀਓ...ਇਹ ਕਿਧਰੇ ਅੰਮ੍ਰਿਤ ਛਕਣ ਨੂੰ ਹੀ ਤਾਂ ਨਹੀਂ ਕਹਿੰਦੇ?...ਅੰਮ੍ਰਿਤ ਜਲ ਤੇ ਪੀਵੀਦਾ ਹੀ ਹੈ। ਸੁਣਿਆ ਹੈ ਕਿ ਖੰਡੇ ਦੀ ਪਾਹੁਲ ਦੇਣ ਵੇਲੇ ਅੰਮ੍ਰਿਤ ਪਿਆਇਆ ਹੀ ਜਾਂਦਾ ਹੈ। ਅੰਮ੍ਰਿਤ ਜਲ ਪੀ ਕੇ ਹੀ ਤੇ ਚਿੜੀਆਂ ਨੇ ਬਾਜਾਂ ਨਾਲ ਜਾ ਝਪਟ ਲਈ ਸੀ। ...ਕੀ ਅੰਮ੍ਰਿਤ ਵਿਚ ਏਨੀ ਸ਼ਕਤੀ ਹੈ ? ਕੀ ਸੱਚਮੁਚ ਮਾੜਕੂ ਜੇਹੇ ਅੰਮ੍ਰਿਤਧਾਰੀ ਬਚਿੱਤਰ ਸਿੰਘ ਨੇ ਅਨੰਦਪੁਰ ਵਿਖੇ ਮਸਤ ਹਾਥੀ ਨਾਲ ਜਾ ਟੱਕਰ ਲਈ ਸੀ ਅਤੇ ਉਸਦੀਆਂ ਚੀਕਾਂ ਛੁਡਾ ਦਿਤੀਆਂ ਸਨ ? ਕੀ ਏਸੇ ਅੰਮ੍ਰਿਤ ਸਦਕੇ ਹੀ ਇਕ ਇਕ ਸਿੰਘ ਹਜ਼ਾਰਾਂ ਹਜ਼ਾਰਾਂ ਦੀ ਫੌਜ ਤੇ ਟੁੱਟ ਪੈਂਦਾ ਸੀ। ਅਤੇ ਕਦੇ ਵੀ ਨਹੀਂ ਸੀ ਘਬਰਾਂਦਾ ?...ਜੇ ਅੰਮ੍ਰਿਤ ਵਿਚ ਏਨੀ ਸ਼ਕਤੀ ਹੈ ਤਾਂ ਕੀ ਮੇਰਾ ਰੋਗ ਨਹੀਂ ਦੂਰ ਹੋਏਗਾ, ਅਜੇਹੇ ਅੰਮ੍ਰਿਤ ਨੂੰ ਪੀਣ ਕਰਕੇ ? ...ਜੇ ਅੰਮ੍ਰਿਤ ਨਾਮ ਹੈ ਅਤੇ ਨਾਮ ਅੰਮ੍ਰਿਤ ਹੈ ਤਾਂ ਕੀ ਮੈਂ ਇਸ ਨੂੰ ਪੀ ਕੇ ਰੋਗ ਰਹਿਤ ਨਹੀਂ ਹੋਵਾਂਗੀ ?"



Namdhari Elibrary NamdhariElibrary@gmail.com

ਕਿਸ਼ਨ ਕੌਰ ਹਰ ਵੇਲੇ ਇਸ ਤਰ੍ਹਾਂ ਦੀਆਂ ਸੋਚਾਂ ਸੋਚਦੀ ਰਹਿੰਦੀ।

ਇਕ ਦਿਨ ਬਾਹਰੋਂ ਆਏ ਸ਼ਸਤਰਾਂ ਨਾਲ ਸਨੱਦ ਬੱਧ ਸਿੰਘਾਂ ਨੇ ਰਾਤ ਨੂੰ ਗੁਰਦੁਆਰੇ ਅਖੰਡ ਕੀਰਤਨ ਕੀਤਾ। ਕਿਸ਼ਨ ਕੌਰ ਨੂੰ ਭੀ ਦਸਤਾਰਾਂ ਵਾਲੀਆਂ ਬੀਬੀਆਂ ਅਤੇ ਖੰਡੇ ਚਕਰਾਂ ਵਾਲੇ ਸਿੰਘਾਂ ਦੇ ਮੁਖਾਰਬਿੰਦ ਤੋਂ ਗੁਰੂ ਦੀ ਬਾਣੀ ਦਾ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ, ਕੀਰਤਨੀ ਸਿੰਘਾਂ ਸਿੰਘਣੀਆਂ ਨੇ ਬੜੇ ਵਜਦ ਵਿਚ ਆ ਕੇ ਕੀਰਤਨ ਕੀਤਾ। ਸਰੋਤੇ ਪੱਥਰ ਬਣ ਕੇ ਕੀਰਤਨ ਸਰਵਣ ਕਰਦੇ ਰਹੇ। ਕਿਸ਼ਨ ਕੌਰ ਕੀਰਤਨੀਆਂ ਦੇ ਚਿਹਰਿਆਂ ਵਲ ਮੁੜ ਮੁੜ ਵੇਖਦੀ। ਉਹਨਾਂ ਦੇ ਚਿਹਰਿਆਂ ਦਾ ਜਲਾਲ ਉਸ ਤੋਂ ਭੁਲਿਆ ਨਾ ਜਾਵੇ, ਉਹ ਕਦੇ ਕਦੇ ਹਉਕਾ ਜਿਹਾ ਭਰਦੀ ਅਤੇ ਸੋਚਦੀ ਕਿ ਕਾਸ਼ ਕਦੇ ਉਸਦੇ ਚਿਹਰੇ ਤੇ ਭੀ ਇਸੇ ਹੀ ਤਰ੍ਹਾਂ ਦੀ ਲਾਲੀ ਟਪਕ ਪਵੇ।

ਕੀਰਤਨੀ ਸਿੰਘ ਇਸ ਪਰਕਰਣ ਤੇ ਕੀਰਤਨ ਕਰ ਰਹੇ ਸਨ :

"ਪੀਵਹੁ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ।"

ਕਦੇ ਕਦੇ ਕਿਸ਼ਨ ਕੌਰ ਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਉਸਨੂੰ ਕੋਈ ਉਸਦੇ ਕੰਨਾਂ ਵਿਚ ਉੱਚੀ ਦੇਣੀ ਬਾਰ ਬਾਰ ਕਹਿ ਰਿਹਾ ਹੋਵੇ :

"ਪੀਵਹੁ ਪਾਹੁਲ ਖੰਡੇ ਧਾਰ...<br>ਪੀਵਹੁ ਪਾਹੁਲ ਖੰਡੇ ਧਾਰ...।"

ਰਾਤ ਨੂੰ ਸੁੱਤੀ ਪਈ ਨੂੰ ਭੀ ਉਸ ਨੂੰ ਇਹੋ ਵਾਜਾਂ ਸੁਨਣ :

"ਪੀਵਹੁ ਪਾਹੁਲ ਖੰਡੇ ਧਾਰ ॥"

ਵੈਸਾਖੀ ਵਾਲੇ ਪੁਰਬ ਤੇ ਕਿਸ਼ਨ ਕੌਰ ਨੇ ਅੰਮ੍ਰਿਤ ਛਕ ਲਿਆ। ਉਸ ਨੂੰ ਅੰਮ੍ਰਿਤ ਮਿਲ ਗਿਆ, ਅੰਮ੍ਰਿਤ ਨਾਮ ਦਾ ਪਤਾ ਲਗ ਗਿਆ ਅਤੇ ਨਾਮ ਸਿਮਰਨ ਦੀ ਜੁਗਤੀ ਆ ਗਈ। ਉਸਨੂੰ ਨਾਮ ਦ੍ਰਿੜ੍ਹ ਹੋ ਗਿਆ ਅਤੇ ਜੰਗਾਲਿਆ ਹੋਇਆ ਹਲਟ (Persian Wheel) ਚਾਲੂ ਹੋ ਗਿਆ, ਖੂਹ ਵਿਚੋਂ ਪਾਣੀ ਕਢ ਹੋਣ ਲਗ ਪਿਆ, ਪਾਣੀ ਚਿਰੋਕਣੀਆਂ ਸੁੱਕੀਆਂ ਪਈਆਂ ਪੈਲੀਆਂ ਨੂੰ ਹਰਿਆ ਭਰਿਆ ਕਰਨ ਲਗ ਪਿਆ, ਦੁਖ ਹੋਣ ਲਗ ਪਏ ਅਤੇ ਉਹਨਾਂ ਦੀ ਥਾਂ ਸੁਖ ਆ ਡੇਰਾ ਜਮਾਉਣ ਲੱਗੇ। ਕਿਸ਼ਨ ਕੌਰ ਨੂੰ "ਨਾਮ" ਦੀ ਦੁਆਈ ਦਾ ਪਤਾ ਲਗ ਗਿਆ। ਉਹ ਦੁਆਈ (ਡਾਕਟਰ ਵਾਲੀ) ਤਾਂ ਉਸਨੇ ਚਰੋਕਣੀ ਹੀ ਖਾਣੀ ਛਡ ਦਿਤੀ ਸੀ।



Namdhari Elibrary Namdhari Elibrary@gmail.com

ਹੁਣ ਉਸ ਨੂੰ ਸਰਬ ਰੋਗ-ਨਾਸ਼ਕ ਦੁਆਈ ਦਾ ਪਤਾ ਲਗ ਗਿਆ ਅਤੇ ਉਸ ਨੇ ਉਸ ਦੀ ਵਰਤੋਂ ਅਰੰਭ ਦਿੱਤੀ।

ਕਿਸ਼ਨ ਕੌਰ ਹੁਣ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੀ ਅਤੇ ਨਾਮ ਸਿਮਰਨ ਵਿਚ ਜੁਟ ਜਾਂਦੀ, ਸੁਰਤੀ ਨੂੰ ਇਕਾਗਰ ਕਰਕੇ ਖੂਬ ਖੰਡਾ ਖੜਕਾਉਂਦੀ. (ਨਾਮ ਜਪਦੀ ਨਾਮ ਰਸ ਗਟਾਕ ਗਟਾਕ ਪੀਂਦੀ ਅਤੇ ਚਿਰਾਂ ਤੋਂ ਚੰਬੜੇ ਸਰੀਰਕ ਅਤੇ ਮਾਨਸਕ ਰੋਗਾਂ ਦਾ ਨਾਸ਼ ਕਰਦੀ ਹੋਈ ਤੰਦਰੁਸਤੀ ਅਤੇ ਅਨੰਦ ਦੀ ਦਸ਼ਾ ਵਲ ਤੇਜ਼ੀ ਨਾਲ ਵਧਦੀ ਜਾਂਦੀ।

ਇਕ ਦਿਨ ਕਿਸ਼ਨ ਕੌਰ ਦੀ ਹੇਠ ਲਿਖੇ ਸ਼ਬਦ ਵਿਚ ਬਿਰਤੀ ਬਹੁਤ ਟਿਕੀ :

"ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤ ਤੁਲਸੀ ਮਾਲਾ।
ਰਾਮ ਨਾਮੁ ਜਪਿ ਬੇੜਾ ਬਾਧਹੁ ਦਇਆ ਕਰਹੁ ਦਇਆਲਾ॥੧॥
ਕਾਹੇ ਕਲਰਾ ਸਿੰਚਹੁ, ਜਨਮੁ ਗਵਾਵਹੁ॥
ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ ॥੧॥ ਰਹਾਉ॥
ਕਰ ਹਰਿਹਟ ਮਾਲਟਿੰਡ ਪਰੋਵਹੁ, ਤਿਸੁ ਭੀਤਰਿ ਮਨੁ ਜੋਵਹੁ
ਅੰਮ੍ਰਿਤ ਸਿੰਚਹੁ ਭਰਹੁ ਕਿਆਰੇ, ਤਉ ਮਾਲੀ ਕੇ ਹੋਵਹੁ ॥੨॥
ਕਾਮ ਕ੍ਰੋਧੁ ਦੁਇ ਕਰਹੁ ਬਸੋਲੇ, ਗੋਡਹੁ ਧਰਤੀ ਭਾਈ,
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ, ਕਿਰਤ ਨ ਮੇਟਿਆ ਜਾਈ
ਬਗੁਲੇ ਤੇ ਫੁਨਿ ਹੰਸੁਲਾ ਹੋਵੈ, ਜੇ ਤੂ ਕਰਹਿ ਦਇਆਲਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ, ਦਇਆ ਕਰਹੁ ਦਇਆਲਾ
(ਮ: ੧ ਬਸੰਤੁ ਹਿੰਡੋਲ)

ਉਹ ਅਗਲੇ ਭਲਕ ਪਹਿਲਾਂ ਨਾਲੋਂ ਸਵਖਤੇ ਹੀ ਉਠ ਖਲੋਂਦੀ। ਸਕੇਸ਼ ਇਸ਼ਨਾਨ ਕਰਕੇ ਚੌਂਕੜਾ ਮਾਰ ਨਾਮ ਸਿਮਰਨ ਵਿਚ ਜੁਟ ਗਈ। ਉਤਾਂਹ ਮੂੰਹ ਚੁਕੀ ਰਸਨਾ ਨਾਲ ਨਾਮ ਦੇ ਫੁਰਾਟੇ ਮਾਰਨ ਲਗ ਪਈ, ਕੁਝ ਦੇਰ ਬਾਅਦ ਉਹਦੀ ਜੀਭ ਦੇ ਆਲੇ ਦੁਆਲਿਓਂ ਪਾਣੀ ਵਰਗਾ ਰਸਾ ਜਿਹਾ ਭਰਨ ਲਗ ਪਿਆ ਅਤੇ ਜੀਭ ਦੇ ਥਲੇ ਮੂੰਹ ਵਿਚ ਇਕੱਠਾ ਹੁੰਦਾ ਗਿਆ। ਜਦੋਂ ਉਸ ਦਾ ਮੂੰਹ ਇਸ ਰਸੇ ਨਾਲ ਭਰ ਜਾਂਦਾ ਤਾਂ ਉਹ ਘੁਟ ਅੰਦਰ ਲੰਘਾ ਲੈਂਦੀ। ਉਸ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਹਲਟ ਚਲ ਰਿਹਾ ਹੋਵੇ ਅਤੇ ਔਲੂ (ਚਲ੍ਹੇ) ਵਿਚੋਂ ਪਾਣੀ



Namdhari Elibrary NamdhariElibrary@gmail.com

ਅਾੜ ਰਾਹੀਂ ਖੇਤ ਦੇ ਕਿਆਰਿਆਂ ਨੂੰ ਜਾ ਰਿਹਾ ਹੋਵੇ। ਇਸ ਰਸੇ ਨੇ ਕਿਸ਼ਨ ਕੌਰ ਦੇ ਢਿਡ ਅੰਦਰ ਮਿੰਨ੍ਹੀ ਮਿੰਨ੍ਹੀ ਕੁਲਬਲਾਟ ਪੈਦਾ ਕਰ ਦਿਤੀ ਅਤੇ ਉਸ ਨੂੰ ਆਪਣੇ ਪੇਟ ਦਾ ਦਰਦ ਜਿਹੜਾ ਮਿੰਨ੍ਹਾ ਮਿੰਨ੍ਹਾ ਹਰ ਵੇਲੇ ਹੁੰਦਾ ਰਹਿੰਦਾ ਸੀ, ਘਟਦਾ ਮਹਿਸੂਸ ਹੋਇਆ। ਉਸ ਨੇ ਸੋਚਿਆ ਕਿ ਡਾਕਟਰ ਸ਼ਾਇਦ ਇਸੇ ਹੀ ਕਰਕੇ ਕਹਿੰਦੇ ਹਨ ਕਿ ਰੋਟੀ ਖੂਬ ਚਬਾ ਚਬਾ ਕੇ ਖਾਣੀ ਚਾਹੀਦੀ ਹੈ ਤਾਂ ਜੋ ਮੂੰਹ ਦਾ ਲੁਆਬ ਵਧੇਰੇ ਮਾਤਰਾ ਵਿਚ ਖਾਣੇ ਨਾਲ ਅੰਦਰ ਜਾਵੇ ਅਤੇ ਖਾਣੇ ਨੂੰ ਹਜ਼ਮ ਕਰਨ ਵਿਚ ਮਦਦ ਦੇਵੇ।

ਕਿਸ਼ਨ ਕੌਰ ਨੇ ਹੋਰ ਤੇਜ਼ੀ ਨਾਲ ਨਾਮ ਦਾ ਖੰਡਾ ਖੜਕਾਉਣਾ (ਸਿਮਰਨ ਕਰਨਾ) ਸ਼ੁਰੂ ਕਰ ਦਿੱਤਾ। ਜਿਉਂ ਜਿਉਂ ਉਹ ਰਸ ਦੇ ਗਟਾਕ ਅੰਦਰ ਲੰਘਾਵੇ ਤਿਉਂ ਤਿਉਂ ਉਸਨੂੰ ਵਧੇਰੇ ਆਨੰਦ ਆਵੇ ਅਤੇ ਉਸ ਨੂੰ ਆਪਣਾ ਸਰੀਰ ਹੌਲਾ ਫੁਲ ਹੁੰਦਾ ਨਜ਼ਰ ਆਵੇ। ਕੁਝ ਦੇਰ ਬਾਅਦ ਉਸ ਨੇ ਆਪਣਾ ਹੱਥ ਮੂੰਹ ਤੇ ਫੇਰਿਆ। ਉਸਨੂੰ ਆਪਣਾ ਚਿਹਰਾ ਮੁਲਾਇਮ ਮੁਲਾਇਮ ਮਹਿਸੂਸ ਹੋਇਆ। ਉਸਨੇ ਆਪਣੀਆਂ ਬਾਹਾਂ ਅਤੇ ਲੱਤਾਂ ਤੇ ਵੀ ਹੱਥ ਫੇਰੇ, ਉਸ ਨੂੰ ਆਪਣਾ ਸਾਰਾ ਸਰੀਰ ਰੇਸ਼ਮ ਵਰਗਾ ਮੁਲਾਇਮ ਭਾਸਿਆ, ਆਪਣਾ ਖਰਬੜਾ ਅਤੇ ਸੁੱਕਾ ਸਰੀਰ ਮੁਲਾਇਮ ਅਤੇ ਹਰਿਆ ਭਰਿਆ ਮਹਿਸੂਸ ਕਰਕੇ ਖੁਸ਼ੀ ਜੇਹੀ ਪ੍ਰਤੀਤ ਹੋਈ। ਉਸਨੇ ਸਤਿਗੁਰੂ ਦਾ ਲਖ ਲਖ ਸ਼ੁਕਰ ਕੀਤਾ। ਜਿਸ ਨੇ ਨਾਮ ਜੈਸੀ ਅਮੋਲਕ ਵਸਤੂ ਉਸਨੂੰ ਬਖਸ਼ੀ। ਸ਼ੁਕਰ, ਸ਼ੁਕਰ, ਵਾਹ, ਵਾਹ, ਗੁਰ, ਗੁਰ ਕਰਦੀ ਕਿਸ਼ਨ ਕੌਰ ਦੀ ਰਸਨਾ ਵਿਚੋਂ ਇਕ ਅਜਿਹੀ ਅੰਮ੍ਰਿਤਮਈ ਬੂੰਦ ਝਰੀ ਕਿ ਉਸਦਾ ਸਾਰਾ ਮੂੰਹ ਇਕ ਨਾ ਵਰਨਣ ਕਰਨ ਵਾਲੇ ਅਮਿਉ ਰਸ (ਅਤਿ ਮਿਠੇ ਰਸ) ਨਾਲ ਭਰ ਗਿਆ। ਰਸ ਦੇ ਅੰਦਰ ਜਾਂਦੇ ਹੀ ਸਰੀਰ ਰੂਪੀ ਬਾਗ ਮਹਿਕ ਉਠਿਆ। ਕਿਸ਼ਨ ਕੌਰ ਨੂੰ ਆਪਣੇ ਸਰੀਰ ਵਿਚੋਂ ਅਨੰਦ-ਮਈ ਖੁਸ਼ਬੋ ਆਉਣ ਲੱਗ ਪਈ ਅਤੇ ਉਸਨੂੰ ਇਉਂ ਲਗਣ ਲਗ ਪਿਆ ਜਿਵੇਂ ਕਿ ਉਹ ਨੌ ਬਰ ਨੌ ਬਿਲਕੁਲ ਤੰਦਰੁਸਤ ਹੋਵੇ। ਦਿਨ ਚੜ੍ਹੇ ਜਦੋਂ ਉਸ ਨੇ ਆਪਣਾ ਮੂੰਹ ਸ਼ੀਸ਼ੇ ਵਿਚ ਦੇਖਿਆ ਤਾਂ ਉਸਨੂੰ ਆਪਣੇ ਚੇਹਰੇ ਤੇ ਲਾਲੀ ਨਜ਼ਰ ਆਈ ਅਤੇ ਸਤਿਗੁਰੂ ਦੀ ਬਾਣੀ ਸਤਿ ਕਰ ਕੇ ਭਾਸੀ ਕਿ "ਸਰਬ ਰੋਗ ਕਾ ਅਉਖਦੁ ਨਾਮੁ ॥"

—o—



Namdhari Elibrary NamdhariElibrary@gmail.com

## ੧

# ਸਤਿਗੁਰੂ ! ਉਂਝ ਮੈਂ ਵੀ ਤੇਰਾ ਸਿੱਖ ਅਖਵਾਉਂਦਾ ਹਾਂ !

ਸਤਿਗੁਰੂ ਜੀਉ !

ਉਂਝ ਮੈਂ ਵੀ ਤੇਰਾ ਸਿੱਖ ਅਖਵਾਉਂਦਾ ਹਾਂ। ਮੇਰੀ ਤੇ ਸਾਰੀ ਰਾਤ ਵਿਚ ਨੀਂਦ ਹੀ ਪੂਰੀ ਨਹੀਂ ਹੁੰਦੀ, ਲਗਦੀ ਵਾਹ ਦਿਨੇ ਭੀ ਸੁੱਤਾ ਰਹਿੰਦਾ ਹਾਂ, ਤੜਕੇ ਉਠਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਗਰਮੀਆਂ ਨੂੰ ਤੇ ਸਵੇਰ ਨਹਾ ਹੀ ਲਈਦਾ ਹੈ ਪਰ ਸਰਦੀਆਂ ਨੂੰ ਜੋ ਨਹੀਂ ਨਹਾਤਾ ਜਾਂਦਾ, ਹਰ ਰੋਜ਼ ਏਨੀ ਠੰਡ ਵਿਚ ਗਰਮੀਆਂ ਨੂੰ ਭੀ ਸ਼ਾਮ ਨਹਾਉਣ ਵੇਲੇ ਕੰਨੀ ਹੀ ਕਤਰਾਈਦੀ ਹੈ। ਕਿਉਂ ਜੋ ਫਿਕਸੋ ਲੱਗੀ ਦਾੜ੍ਹੀ ਦੇ ਭਿੱਜਣ ਦਾ ਖਤਰਾ ਰਹਿੰਦਾ ਹੈ। ਜੇ ਇਕ ਵਾਰ ਦਾੜ੍ਹੀ ਵਿਚ ਪਾਣੀ ਪੈ ਜਾਏ ਤਾਂ ਮੁੜ ਫਿਕਸੋ ਲਗਾ ਕੇ ਦਾੜ੍ਹੀ ਬੰਨ੍ਹਣ ਦਾ ਟੰਟਾ ਖੜਾ ਹੋ ਜਾਂਦਾ ਹੈ। ਸਵੇਰ ਨੂੰ ਪਾਠ ਕਰਨ ਦੀ ਤੇ ਵਿਹਲ ਹੀ ਨਹੀਂ ਮਿਲਦੀ, ਮੂੰਹ ਹੱਥ ਧੋਂਦਿਆਂ ਅਤੇ ਦਾੜ੍ਹੀ ਬੰਨ੍ਹਦਿਆਂ ਹੀ ਦਫ਼ਤਰ ਜਾਣ ਦਾ ਸਮਾਂ ਹੋ ਜਾਂਦਾ ਹੈ, ਹਫ਼ਤੇ ਵਾਸਤੇ ਪੱਗ ਇਕੋ ਵੇਰ ਹੀ ਛੁੱਟੀ ਵਾਲੇ ਦਿਨ ਬੰਨ੍ਹ ਕੇ ਰਖ ਲਈਦੀ ਹੈ। ਜੇ ਕਿਤੇ ਹਰ ਰੋਜ਼ ਬੰਨ੍ਹਣੀ ਪੈ ਜਾਏ ਤਾਂ ਕਦੇ ਵੀ ਸਮੇਂ ਸਿਰ ਦਫ਼ਤਰ ਨਾ ਪੁੱਜ ਸਕੀਏ। ਕਿਸੇ ਕਿਸੇ ਦਿਨ ਤਾਂ ਉਠਦਿਆਂ ਕਰਦਿਆਂ ਨੂੰ ਏਨੀ ਦੇਰ ਹੋ ਜਾਂਦੀ ਏ ਕਿ ਚਾਹ ਭੀ ਦਫ਼ਤਰ ਦੀ ਕੰਨਟੀਨ ਤੋਂ ਹੀ ਪੀਣੀ ਪੈਂਦੀ ਹੈ। ਵੈਸੇ ਭੀ ਜਦੋਂ ਕਿਧਰੇ ਛੋਟਾ ਕਾਕਾ ਸਵੇਰ ਨੂੰ ਅੜੀ ਕਰ ਬੈਠੇ ਅਤੇ ਆਪਣੀ ਮੰਮੀ ਨੂੰ ਬਿਸਤਰੇ 'ਚੋਂ ਉਠਣ ਨਾ ਦੇਵੇ ਤਾਂ ਸਵੇਰ ਦੀ ਚਾਹ ਕੰਨਟੀਨ ਤੇ ਹੀ ਜਾ ਕੇ ਪੀਈਦੀ ਹੈ।

ਐਤਵਾਰ ਦੀ ਹਫ਼ਤੇ ਵਿਚ ਮਸਾਂ ਕਿਤੇ ਇਕ ਛੁੱਟੀ ਆਉਂਦੀ ਹੈ। ਉਹ



Namdhari Elibrary NamdhariElibrary@gmail.com

ਨਹਾਉਣ ਧੋਣ ਵਿਚ ਬੀਤ ਜਾਂਦੀ ਹੈ। ਸ਼ਾਮ ਨੂੰ ਬੜੀ ਮੁਸ਼ਕਿਲ ਨਾਲ ਸਿਨਮੇ ਜਾਣ ਵਾਸਤੇ ਸਮਾਂ ਕਢੀਦਾ ਹੈ। ਕਈ ਵੇਰ ਸੋਚੀਦਾ ਹੈ ਕਿ ਐਤਵਾਰ ਨੂੰ ਗੁਰਦੁਆਰੇ ਜਾਇਆ ਜਾਏ ਪਰ ਉਸ ਦਿਨ ਤੇ ਸਵੇਰ ਨੂੰ ਜਾਗ ਹੀ ਨਹੀਂ ਖੁਲ੍ਹਦੀ। ਨਾਲੇ ਮਸਾਂ ਤੇ ਕਿਧਰੇ ਛੇਆਂ ਦਿਨਾਂ ਬਾਅਦ ਇਕ ਐਤਵਾਰ ਦੀ ਛੁੱਟੀ ਆਉਂਦੀ ਹੈ। ਉਸ ਦਿਨ ਸਾਰੇ ਹਫਤੇ ਦਾ ਥਕੇਵਾਂ ਦੂਰ ਕਰਨਾ ਹੀ ਹੋਇਆ ਨਾ।

ਸਾਰਾ ਦਿਨ ਦਫ਼ਤਰ ਵਿਚ ਕਾਗਜ਼ਾਂ ਨਾਲ ਮੱਥਾ ਮਾਰਦੇ ਰਹੀਦਾ ਹੈ। ਸਾਮ ਨੂੰ ਘਰ ਆ ਕੇ ਮਸਾਂ ਹੀ ਰੇਡੀਓ ਤੋਂ ਚੰਦੇ ਚੰਦੇ ਗਾਣੇ ਸੁਨਣ ਦਾ ਸਮਾਂ ਮਿਲਦਾ ਹੈ। ਗਾਣਿਆਂ ਦੇ ਫਰਮਾਇਸ਼ੀ ਪ੍ਰੋਗਰਾਮ ਦਾ ਸਮਾਂ ਤਾਂ ਸਾਨੂੰ ਉਡੀਕਾਂ ਉਡਕਦਿਆਂ ਨੂੰ ਆਉਂਦਾ ਹੈ। ਜਦੋਂ ਪ੍ਰੋਗਰਾਮ ਸ਼ੁਰੂ ਹੁੰਦਾ ਹੈ ਫਿਰ ਤਾਂ ਕਹੀਦਾ ਹੈ ਕਿ ਸਾਰੀ ਰਾਤ ਹੀ ਫਰਮਾਇਸ਼ੀ ਪ੍ਰੋਗਰਾਮ ਚਲਦਾ ਰਹੇ।

ਅਜ ਕਲ ਮਹਿੰਗਾਈ ਦਾ ਸਮਾਂ ਹੈ, ਤਨਖਾਹ ਵਿਚ ਤਾਂ ਪੂਰੀ ਹੀ ਨਹੀਂ ਫਟਦੀ। ਜਿੰਨੀ ਦੇਰ ਮਹੀਨੇ ਵਿਚ ਪੰਜ ਸੱਤ ਮੋਟੇ ਮੋਟੇ ਮੁਰਗੇ ਨਾ ਫਸਾਏ ਜਾਣ, ਮਹੀਨੇ ਦਾ ਖਰਚ ਹੀ ਨਹੀਂ ਪੂਰਾ ਹੁੰਦਾ। ਰਹਿਤਨਾਮੇ ਵਿਚ ਤਾਂ ਲਿਖਿਆ ਹੈ ਕਿ ਦਸਵੰਧ ਦੇਣਾ ਚਾਹੀਦਾ ਹੈ। ਪਰ ਜੇ ਆਪਣੇ ਘਰ ਦੇ ਖਰਚ ਪੂਰੇ ਹੋਣ ਤਾਹੀਓਂ ਤੇ ਧਰਮ ਅਰਥ ਦਸਵੰਧ ਕਢਿਆ ਜਾਏ। ਕਾਕੇ ਦੀ ਮੰਮੀ ਤੇ ਹਰ ਵੇਲੇ ਕੋਈ ਨਾ ਕੋਈ ਫਰਮਾਇਸ਼ ਖੜੀ ਹੀ ਰਖਦੀ ਹੈ, "ਜੀ ਨਾਈਲੈਕਸ ਦੀ ਫੱਲਦਾਰ ਸਾੜ੍ਹੀ ਲੈ ਦਿਓ, ਵਧੀਆ ਬਨਾਰਸੀ ਸੂਟ ਲੈ ਦਿਓ, ਉਚੀ ਅੱਡੀ ਦੀ ਗੁਰਗਾਬੀ ਲੈ ਦਿਓ ਲਿਪਸਟਿਕ, ਕਰੀਮ ਖ਼ਤਮ ਹੋ ਗਈ ਹੈ, ਇਕ ਵਧੀਆ ਜਿਹਾ ਸ਼ਿੰਗਾਰਦਾਨ ਲੈ ਦਿਓ, ਕੰਨਾਂ ਨੂੰ ਬਾਲੀਆ ਕਰਵਾ ਦਿਓ, ਅਜ ਕਲ੍ਹ ਝੁਬਕੀ ਵਾਲੇ ਕਾਂਟਿਆਂ ਦਾ ਰਿਵਾਜ ਨਹੀਂ ਜੇ ਰਿਹਾ। ਮੇਰੇ ਹੱਥ ਤੇ ਬੁੱਸੇ ਬੁੱਸੇ ਨਜ਼ਰ ਆਉਂਦੇ ਹਨ, ਜਗਦੀਸ਼ ਬਾਬੂ ਦੀ ਜਨਾਨੀ ਤੇ ਗਹਿਣਿਆਂ ਨਾਲ ਲੱਦੀ ਪਈ ਹੈ, ਉਸ ਦਾ ਆਦਮੀ ਭੀ ਤੇ ਕਲਰਕੀ ਹੀ ਕਰਦਾ ਹੈ। ਜਦੋਂ ਉਹ ਕਦੇ ਬਾਹਰ ਅੰਦਰ ਜਾਂਦੀ ਹੈ ਤਾਂ ਲੋਕੀ ਉਸ ਨੂੰ ਅੱਡੀਆਂ ਚੁੱਕ ਚੁੱਕ ਦੇਖਦੇ ਹਨ, ਨਿਰੀ ਪਰੀ ਹੀ ਲਗਦੀ ਏ। ਇਕ ਦਿਨ ਜਦੋਂ ਮੈਂ ਭੀ ਦੋ ਤਰੀਕ ਨੂੰ ਨਵੀਂ ਸਾੜ੍ਹੀ ਲਾ ਕੇ ਸਿਨਮਾ ਦੇਖਣ ਗਈ ਸੀ ਤਾਂ ਮੇਰੇ ਵਲ ਇਕ ਸਰਦਾਰ ਨੇ ਉਂਗਲ ਕਰਕੇ ਮਲੱਕੜੇ ਜਹੇ ਆਪਣੇ ਨਾਲ ਦੇ ਬਾਬੂ ਨੂੰ ਕਿਹਾ ਸੀ ਕਿ ਦੇਖ ਓਦੇ ਬਾਬੂ ਜਗਦੀਸ਼ ਲਾਲ ਦੀ ਤੀਵੀਂ ਦੀ ਕਿੰਨੀ ਟੈਅਰ ..., ਹੈ ਜੇ ਹੂਰਾਂ ਪਰੀ ਕਿ ਨਹੀਂ ? ਉਸ ਦਿਨ ਮੈਨੂੰ ਕੁਝ ਮਹਿਸੂਸ ਹੋਇਆ ਸੀ ਕਿ ਅ...



Namdhari Elibrary NamdhariElibrary@gmail.com

ਵੀ ਕਿਸੇ ਨਾਲੋਂ ਘਟ ਨਹੀਂ ਹਾਂ।" ਦੁਨੀਆਂ ਵਿਚ ਰਹਿਣ ਲਈ ਸੁਸਾਇਟੀ ਮੁਜਬ ਹੀ ਰਹਿਣਾ ਪੈਂਦਾ ਹੈ। ਕਹਿੰਦੇ ਨੇ ਖਾਈਦੇ ਮਨ ਭਾਉਂਦਾ, ਪਹਿਨੀਦੇ ਜਗ ਭਾਉਂਦਾ। ਸੁਸਾਇਟੀ ਮੁਜਬ ਹੀ ਆਪਣਾ ਸਟੈਂਡਰਡ ਰਖਣਾ ਪੈਂਦਾ ਹੈ ਅਤੇ ਬੰਦਾ ਜੇਹੋ ਜੇਹੀ ਸੁਸਾਇਟੀ ਵਿਚ ਰਹਿੰਦਾ ਹੋਵੇ ਤੇਹੋ ਜੇਹੇ ਹੀ ਰਸਮੋ ਰਿਵਾਜ ਕਰਨੇ ਪੈਂਦੇ ਹਨ।

ਪਿਛਲੇ ਸਾਲ ਸਾਡੇ ਨਿੱਕੇ ਕਾਕੇ ਨੂੰ ਮਾਤਾ ਨਿਕਲ ਆਈ, ਸਾਡੇ ਗੁਆਂਢੀ ਮਦਨ ਲਾਲ ਦੀ ਵਹੁਟੀ ਕਹਿਣ ਲੱਗੀ, "ਭਰਾ ਜੀ ਕਾਕੇ ਨੂੰ ਮਾਤਾ ਦੇ ਮੰਦਰ ਲੈ ਜਾਓ। ਐਤਵਾਰ ਵਾਲੇ ਦਿਨ ਉਥੇ ਲੋਕੀ ਸੁਖਣਾ ਲਾਹੁਣ ਆਉਂਦੇ ਹਨ, ਤੁਸੀਂ ਭੀ ਮਾਤਾ ਨੂੰ ਪ੍ਰਸ਼ਾਦ ਚੜ੍ਹਾ ਆਉਣਾ ਅਤੇ ਕਾਕੇ ਦਾ ਮੱਥਾ ਟਿਕਵਾ ਲਿਆਉਣਾ। ਮਾਤਾ ਦੇਵੀ ਪ੍ਰਸੰਨ ਹੋ ਜਾਵੇਗੀ ਅਤੇ ਕਾਕੇ ਨੂੰ ਆਰਾਮ ਆ ਜਾਵੇਗਾ।" ਮੈਂ ਤੇ ਹਾਲੇ ਦੁਚਿੱਤੀ ਵਿਚ ਹੀ ਫਸਿਆ ਰਿਹਾ ਪਰ ਕਾਕੇ ਦੀ ਮੰਮੀ ਐਤਵਾਰ ਸਵੇਰੇ ਹੀ ਮਾਤਾ ਦੇ ਮੰਦਰ ਕਾਕੇ ਦਾ ਮੱਥਾ ਟਿਕਾ ਲਿਆਈ।

ਸ਼ਰਾਬ ਮੈਂ ਪੀ ਕੇ ਖੁਸ਼ ਨਹੀਂ ਹਾਂ ਪਰ ਵਿਆਹ ਸ਼ਾਦੀ ਜਾਂ ਕਿਸੇ ਪਾਰਟੀ ਵਿਚ ਹੋਈਦੇ ਤਾਂ ਪੀਣੀ ਪੈ ਹੀ ਜਾਂਦੀ ਹੈ। ਨਾਲੇ ਜੇ ਦੁਆਈ ਮੁਜਬ ਪੀ ਭੀ ਲਈ ਜਾਵੇ ਤਾਂ ਇਸ ਦਾ ਹਰਜ਼ ਵੀ ਕੀ ਏ? ਗੁਰਬਾਣੀ ਵਿਚ ਤੇ ਲਿਖਿਆ ਹੈ, "ਜਿਤ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚ ਆਇ", ਪਰ ਆਪਾਂ ਤੇ ਤਾਂ ਇਸਦਾ ਐਸਾ ਕੋਈ ਅਸਰ ਨਹੀਂ ਹੁੰਦਾ ਸਗੋਂ ਪੀ ਕੇ ਸਰੂਰ ਚੜ੍ਹ ਜਾਂਦਾ ਹੈ। ਕੀ ਹੋਇਆ ਜੇ ਕਦੇ ਕਦਾਈਂ ਬਹੁਤੀ ਪੀਣ ਨਾਲ ਉਲਟੀਆਂ ਲੱਗ ਜਾਣ। ਸਗੋਂ ਨਸ਼ੇ ਵਿਚ ਅਨੰਦ ਨਾਲ ਪਏ ਰਹੀਦਾ ਹੈ। ਨਸ਼ੇ ਵਿਚ ਨਾ ਕਿਸੇ ਚੀਜ਼ ਦਾ ਫਿਕਰ ਨਾ ਫਾਕਾ।

ਗੱਲਾਂ ਕਰਨ ਵਿਚ ਮੈਂ ਕਿਸੇ ਨੂੰ ਡਾਹੀ ਨਹੀਂ ਦਿੰਦਾ। ਚਾਰ ਇਧਰ ਦੀਆਂ ਮਾਰੀਆਂ, ਚਾਰ ਉਧਰ ਦੀਆਂ, ਲੋਕਾਂ ਨੂੰ ਫਟ ਭਰਮਾ ਲਈਦਾ ਹੈ। ਗਲ ਕਰਨ ਵਿਚ ਤਾਂ ਕਾਕੇ ਦੀ ਮੰਮੀ ਮੇਰੇ ਨਾਲੋਂ ਦੋ ਕਦਮ ਅੱਗੇ ਹੈ, ਪਿਛਲੇ ਸਾਲ ਅਸੀਂ ਵੱਡੇ ਕਾਕੇ ਦਾ ਜਨਮ ਦਿਨ ਮਨਾਇਆ, ਤਨਖਾਹ ਹਾਲੇ ਮਿਲੀ ਨਹੀਂ ਸੀ, ਪਤਾ ਨਹੀਂ ਕਾਕੇ ਦੀ ਮੰਮੀ ਨੇ ਕਿਥੋਂ ਬੰਦੋਬਸਤ ਕੀਤਾ, ਸਮੋਸੇ, ਪਕੌੜੇ, ਬਰਫੀ, ਗੁਲਾਬ ਜਾਮਨ ਕਲਾਕੰਦ, ਪੇਸਟਰੀ ਆਦਿ ਦੇ ਥਾਲਾਂ ਦੇ ਥਾਲ ਆ ਗਏ। ਮੈਂ ਹਾਲੇ ਜਕੋ ਤਕੋ ਹੀ ਕਰਦਾ ਰਹਿ ਗਿਆ ਕਿ ਜਨਮ ਦਿਨ ਮਨਾਈਦੇ ਜਾਂ ਨਾ।

ਪਿਛਲੇ ਸਾਲ ਖਰਚਾ ਇੰਨਾ ਪੈਂਦਾ ਰਿਹਾ ਕਿ ਮਕਾਨ ਵਾਲ੍ਹੇ ਦਾ ਕਰਾਇਆ



Namdhari Elibrary NamdhariElibrary@gmail.com

ਅਤੇ ਹੱਟੀ ਵਾਲੇ ਦੇ ਪੈਸੇ ਬਹੁਤ ਸਿਰ ਚੜ੍ਹ ਗਏ। ਜਦੋ ਉਨ੍ਹਾਂ ਨੇ ਵਧੇਰੇ ਤੰਗ ਕਰਨਾ ਸ਼ੁਰੂ ਕਰ ਦਿਤਾ ਤਾਂ ਅਸੀਂ ਸੋਚਿਆ ਕਿ ਇਹ ਜਮ ਹੁਣ ਵਧੇਰੇ ਤੰਗ ਕਰਨ ਲਗ ਪਏ ਹਨ, ਚਲੋ ਇਹ ਮੁਹੱਲਾ ਹੀ ਛਡੋ। ਅਸੀਂ ਸ਼ਹਿਰ ਦੇ ਦੂਜੇ ਪਾਸੇ ਮਕਾਨ ਲੈ ਲਿਆ। ਹੁਣ ਹੌਲੀ ਹੌਲੀ ਦੇਖੀ ਜਾਏਗੀ, ਉਧਾਰ ਲਾਹ ਦਿਆਗੇ। ਹੁਣ ਤੇ ਨਾਲੇ ਸਾਨੂੰ ਪੈਸੇ ਕਮਾਉਣ ਦਾ ਗੁਰ ਭੀ ਆ ਗਿਆ ਹੈ।

ਆਪਣਾ ਕੰਮ ਕਢਣ ਲਈ ਹਰ ਤਰ੍ਹਾਂ ਦੇ ਹਥਕੰਡੇ ਵਰਤ ਲਈਦੇ ਹਨ। ਅਜ ਕਲ ਦੇ ਜ਼ਮਾਨੇ ਵਿਚ ਸੱਚ ਬੋਲਕੇ ਪੂਰੀ ਨਹੀਂ ਜੇ ਪੈਂਦੀ। ਜੇ ਕਿਤੇ ਆਪਣਾ ਕੰਮ ਕਢਣ ਲਈ ਝੂਠ ਬੋਲ ਹੀ ਲਿਆ ਤਾਂ ਇਸ ਵਿਚ ਹਰਜ ਵੀ ਕੀ ਏ ਹਰ ਕੋਈ ਆਪਣੇ ਪੇਟ ਦੀ ਖਾਤਰ ਹੀ ਸਭ ਕੁਝ ਕਰਦਾ ਹੈ। ਜੇ ਅਸੀਂ ਝੂਠ ਨਾ ਬੋਲੀਏ ਅਤੇ ਹੇਰਾ ਫੇਰੀ ਨਾ ਕਰੀਏ ਤਾਂ ਏਨੀ ਮਹਿੰਗਾਈ ਦੇ ਸਮੇਂ ਵਿਚ ਸਾਡਾ ਤੇ ਟੱਬਰ ਭੁੱਖਾ ਮਰ ਜਾਏ। ਸੋ ਸਤਿਗੁਰੂ ਜੀਓ !

੧. ਮੈਂ ਪੰਜ ਕਕਾਰੀ ਰਹਿਤ ਦਾ ਧਾਰਨੀ ਨਹੀਂ ਰਿਹਾ।

੨. ਮੈਂ ਕੁਰਹਿਤਾਂ ਦੀ ਪਰਵਾਹ ਨਹੀਂ ਕਰਦਾ।

੩. ਮੈਂ ਅੰਮ੍ਰਿਤ ਵੇਲੇ ਨਹੀਂ ਉਠਦਾ।

੪. ਮੈਂ ਸਿਮਰਨ ਨਹੀਂ ਕਰਦਾ।

੫. ਮੈਂ ਨਿੱਤਨੇਮ ਦਾ ਪਾਠ ਨਹੀਂ ਕਰਦਾ।

੬. ਮੈਂ ਗੁਰਦੁਆਰੇ ਬਹੁਤ ਘਟ ਜਾਂਦਾ ਹਾਂ। ਜੇ ਚਲਿਆ ਭੀ ਜਾਵਾਂ ਤਾਂ ਸਾਧ ਸੰਗਤ ਵਿਚ ਜਾ ਕੇ ਮੇਰਾ ਦਿਲ ਨਹੀਂ ਲਗਦਾ।

੭. ਹੇਰਾ ਫੇਰੀ ਕੀਤੇ ਬਿਨਾ ਅਤੇ ਰਿਸ਼ਵਤ ਲਏ ਬਿਨਾ ਮੇਰਾ ਪੂਰਾ ਨਹੀਂ ਵਟਦਾ। ਦਸਵੰਦ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

੮. ਜਦੋਂ ਕੋਈ ਘਰ ਵਿਚ ਭੀੜ ਆ ਬਣਦੀ ਹੈ ਜਾਂ ਕਿਸੇ ਹੇਰਾ ਫੇਰੀ ਵਿਚ ਫ਼ਸ ਜਾਈਦਾ ਹੈ ਤਾਂ ਦੇਵੀ ਦੇਵਤਿਆਂ ਦੇ ਮੰਦਰਾਂ, ਮੱਠਾਂ ਵਿਚ ਸੁੱਖਣਾ ਸੁੱਖ ਕੇ ਨੱਕ ਰਗੜ ਹੀ ਆਈਦਾ ਹੈ, ਜੋਤਸ਼ੀਆਂ ਕੋਲੋਂ ਟੇਵੇ ਲਗਵਾ ਹੀ ਲਈਦੇ ਹਨ। ਮਹੂਰਤ ਕਢਵਾ ਹੀ ਲਈਦੇ ਹਨ। ਭੈੜੇ ਗ੍ਰਹਿ ਟਾਲਣ ਲਈ ਗਊ ਮਾਤਾ ਨੂੰ ਆਟੇ ਦਾ ਪੇੜਾ ਦੇ ਹੀ ਆਈਦਾ ਹੈ। ਵੈਸੇ ਜਦੋਂ ਸਾਡਾ ਕਾਕਾ ਅੜੀ ਕਰਨ ਲਗ ਪੈਂਦਾ ਹੈ ਤਾਂ ਉਸਦੀ ਮੰਮੀ ਗੁਰਦੁਆਰੇ ਦੇ ਭਾਈ ਕੋਲ ਜਾ ਕੇ ਉਸਦਾ ਹਥ ਹੌਲਾ ਕਰਵ ਹੀ ਲਿਆਉਂਦੀ ਹੈ।



Namdhari Elibrary NamdhariElibrary@gmail.com

੯. ਝੂਠ ਬੋਲਣ ਤੋਂ ਬਗੈਰ ਤਾਂ ਮੇਰਾ ਗੁਜ਼ਾਰਾ ਹੀ ਨਹੀਂ, ਏਸ ਜ਼ਮਾਨੇ ਵਿਚ ਸੱਚ ਬੋਲਣ ਨਾਲ ਤੇ ਇਕ ਮਿੰਟ ਭੀ ਬੰਦਾ ਚਲ ਨਹੀਂ ਸਕਦਾ।

੧੦. ਜਦੋਂ ਮੇਰੇ ਸਿਰ ਤੇ ਪੱਗ ਨਾ ਹੋਵੇ ਤਾਂ ਲੋਕੀਂ ਮੈਨੂੰ ਸਰਦਾਰ ਦੀ ਥਾਂ ਬਾਬੂ ਹੀ ਸਮਝ ਬੈਠਦੇ ਹਨ। ਕਾਕੇ ਦੀ ਮੰਮੀ ਨੂੰ ਤਾਂ ਕੋਈ ਪਹਿਚਾਣ ਹੀ ਨਹੀਂ ਸਕਦਾ ਕਿ ਇਹ ਸਿਖਾਂ ਦੀ ਕੁੜੀ ਹੈ ਜਾਂ ਹਿੰਦੂਆਂ ਦੀ। ਉਹ ਤੇ ਨਿਰੀ ਪੁਰੀ ਇੰਡੀਅਨ ਮੇਮ ਹੀ ਲਗਦੀ ਹੈ।

ਸਤਿਗੁਰੂ ਜੀਓ ! ਐਸ ਵੇਲੇ ਮੈਂ ਅੰਦਰੋਂ ਬਾਹਰੋਂ ਇਹੋ ਕੁਝ ਹੀ ਹਾਂ। ਉਂਝ ਮੈਂ ਤੇਰਾ ਸਿੱਖ ਅਖਵਾਉਂਦਾ ਹਾਂ। ਕੀ ਮੈਂ ਸਿੱਖ ਨਹੀਂ ਹਾਂ ?...

"ਨਹੀਂ, ਨਹੀਂ, ਨਹੀਂ !... ..ਤੂੰ ਤੇ ਪਤਿਤ ਹੋ ਚੁੱਕਾ ਹੈਂ। ਸਿੱਖੀ ਤੋਂ ਗਿਰ ਚੁੱਕਾ ਹੈਂ। ਸਿੱਖ ਬਣਨ ਲਈ ਤੈਨੂੰ ਮੁੜ ਕੇ ਅੰਮ੍ਰਿਤ ਛਕਣਾ ਪਵੇਗਾ। ਪੰਜਾਂ ਪਿਆਰਿਆ ਦੇ ਪੇਸ਼ ਹੋ ਕੇ ਆਪਣੇ ਕੁਕਰਮਾਂ ਲਈ ਤਨਖ਼ਾਹ (ਸਜ਼ਾ, ਦੰਡ) ਲਗ-ਵਾਉਣੀ ਪਵੇਗੀ। ਜਿੰਨੀ ਦੇਰ ਤੂੰ ਮੁੜ ਅੰਮ੍ਰਿਤ ਨਹੀਂ ਛਕਦਾ ਉਨੀ ਦੇਰ ਤੂ ਆਪਣੇ ਆਪ ਨੂੰ ਸਿੱਖ ਨਹੀਂ ਅਖਵਾ ਸਕਦਾ..... ।

ਐ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ! ਕੀ ਤੂੰ ਸਿੱਖੀ ਏਨੀ ਸਸਤੀ ਸਮਝ ਰੱਖੀ ਹੈ ? ਸਿੱਖੀ ਤੇ ਅਮਲੀ ਜੀਵਨ ਹੈ। ਇਹ ਨਿਰਾ ਪੁਰਾ ਭੇਖ ਨਹੀਂ ਹੈ। ਇਹ ਸਿਰ ਵੇਚਣ ਨਾਲ ਮਿਲਦੀ ਹੈ। ਇਸ ਦੀ ਖਾਤਰ ਤਨ ਮਨ ਧਨ ਵਾਰਨਾ ਪੈਂਦਾ ਹੈ। ਮਨ ਦੀ ਮਤ ਛਡਣੀ ਪੈਂਦੀ ਹੈ। ਹੁਕਮੀ ਬੰਦਾ ਬਣ ਕੇ ਸੱਚ ਦੀ ਕਾਰ ਕਰਨੀ ਪੈਂਦੀ ਹੈ ਤਾਂ ਕਿਧਰੇ ਦਰ ਢੋਈ ਮਿਲਦੀ ਹੈ। ਪਤਿਤਾਂ ਅਤੇ ਨਿਗੁਰਿਆਂ ਨੂੰ ਤੇ ਜਮਾਂ ਦੇ ਧਕੇ ਹੀ ਸਹਿਣੇ ਪੈਂਦੇ ਹਨ।

(ਇਕ ਅਗੰਮੀ ਆਵਾਜ਼)

—o—

ੴ ਸਤਿਗੁਰ ਪ੍ਰਸਾਦਿ

**ਸ਼੍ਰੀ ਸਤਿਗੁਰ ਰਾਮ ਸਿੰਘ ਜੀ ਸਹਾਏ**

**ਹਰਬੰਸ ਸਿੰਘ ਚਾਨਾ**

**ਇੰਗਲੈਂਡ—ਯੂ: ਕੇ:**



Namdhari Elibrary NamdhariElibrary@gmail.com

# ੮

# ਸਤਿਗੁਰ ਸਿੱਖ ਕੀ ਕਰੈ ਪ੍ਰਤਿਪਾਲ

"ਸਤਿਗੁਰੂ ਸਿਖ ਕੀ ਕਰੈ ਪ੍ਰਤਿਪਾਲ।"

ਹੈਂ ! ਸਤਿਗੁਰੂ ਸਿੱਖ ਦੀ ਪ੍ਰਤਿਪਾਲਣਾ ਕਰਦਾ ਹੈ ? ਰਖਿਆ ਕਰਦਾ ਹੈ ? "ਸਤਿਗੁਰੂ ਸਿਖ ਕੇ ਬੰਧਨ ਕਾਟੈ। ...ਸਤਿਗੁਰੂ ਸਿਖ ਕੇ ਹਲਤੁ ਪਲਤੁ ਸਵਾਰੈ। ਸਤਿਗੁਰੂ ਆਪਣੇ ਸਿੱਖ ਦਾ ਲੋਕ ਪਰਲੋਕ ਸਵਾਰ ਦਿੰਦਾ ਹੈ ?...ਉਹ ! ਉਫ ਐਨੇ ਮੂੰਹ ਹਨ੍ਹੇਰੇ ? ਹਾਲੇ ਤੇ ਸਾਰੇ ਸੁੱਤੇ ਪਏ ਹਨ, ਚੋਖੀ ਰਾਤ ਪਈ ਹੈ। ਕੜਾਕੇ ਦੀ ਸਰਦੀ ਪੈ ਰਹੀ ਹੈ। ਰਜ਼ਾਈ ਵਿਚੋਂ ਮੂੰਹ ਬਾਹਰ ਨਹੀਂ ਕੱਢਿਆ ਜਾਂਦਾ। ਐਸ ਵੇਲੇ ਕੌਣ ਮਿੱਠੇ ਮਿੱਠੇ ਬੋਲ ਬੋਲ ਰਿਹਾ ਹੈ ? ਇਹ ਤੇ ਕੋਈ ਪਾਠ ਕਰਦਾ ਜਾਪਦੈ...

"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ।
ਗੁਰ ਕੀ ਆਗਿਆ ਮਨ ਮਹਿ ਸਹੈ।
... ... ... ... ...
ਮਨੁ ਬੇਚੈ ਸਤਿਗੁਰ ਕੈ ਪਾਸਿ।
ਤਿਸੁ ਸੇਵਕ ਕੇ ਕਾਰਜ ਰਾਸਿ।"

ਹੈਂ ਇਹ ਤੇ ਸੁਖਮਨੀ ਸਾਹਿਬ ਦਾ ਪਾਠ ਹੋ ਰਿਹਾ ਹੈ। ਪਰ ਐਸ ਵੇਲੇ ? ਏਨੇ ਹਨ੍ਹੇਰੇ ? ਕੌਣ ? ...ਸਾਡੇ ਤੇ ਆਂਢ ਗੁਆਂਢ ਕੋਈ ਵੀ ਏਨੇ ਸਵੇਰੇ ਪਾਠ ਕਰਨ ਵਾਲਾ ਨਹੀਂ। ...ਆਵਾਜ਼ ਤਾਂ ਚੜ੍ਹਦੇ ਪਾਸਿਉਂ ਹੀ ਆ ਰਹੀ ਹੈ। ਇਹ ਕਿਤੇ ਉਸੇ ਹੀ ਘਰੋਂ ਤੇ ਨਹੀਂ ਜਿਸ ਘਰ ਰਾਤੀਂ ਸੁਰਮਈ ਦਸਤਾਰ, ਗਾਤਰੇ ਕਿਰਪ ਅਤੇ ਖੰਡੇ ਚੱਕਰ ਵਾਲਾ ਗੁਰੂ ਕਾ ਸਿੰਘ ਵੜਿਆ ਸੀ ? ...ਜੇ ਮੇਰੇ ਕੰਨ ਮੈਨੂੰ ਧੋ



Namdhari Elibrary NamdhariElibrary@gmail.com

ਨਹੀਂ ਦੇ ਰਹੇ ਤਾਂ ਇਹ ਮਿੱਠੀ ਸੁਰੀਲੀ ਆਵਾਜ਼ ਉਸੇ ਹੀ ਘਰੋਂ ਆ ਰਹੀ ਹੈ, ਰਸ ਭਿੰਨੜੀ ਬਾਣੀ ਦੀ ਗੂੰਜ ਉਧਰੋਂ ਹੀ ਪੈ ਰਹੀ।...

ਉਫ। ਆਵਾਜ਼ ਮੱਧਮ ਪੈ ਗਈ ? ਹਵਾ ਦੀ ਸਰ ਸਰ ਵਿਚ ਕੁਝ ਸਮਝ ਨਹੀਂ ਪੈਂਦਾ...ਗਰੜ ਗਰੜ ਗਰੜ...ਗੜ ਗੜ ਗੜ.. ਬੱਦਲਾਂ ਨੂੰ ਭੀ ਅੱਜ ਹੀ ਮੌਕਾ ਮਿਲਿਆ ਸ਼ੋਰ ਪਾਉਣ ਦਾ...ਆਹ ! ਬਿਜਲੀ ਚਮਕੀ ?...ਬਾਹਰ ਤਾਂ ਮੀਂਹ ਪੈ ਰਿਹਾ...ਹਵਾ ਦੀ ਸੂੰਕ ਹੋਰ ਤੇਜ਼ ਹੋ ਗਈ ? ...ਮੀਂਹ ਹਨ੍ਹੇਰੀ ਦੀ ਸਰਰ ਸਰਰ ਅਤੇ ਸ਼ਾਂ ਸ਼ਾਂ ਵਿਚ ਮਿੱਠੀ ਮਿੱਠੀ ਸੁਰ ਗੁੰਮ ਹੋ ਗਈ ? ...ਹਾਂ ਇਵੇਂ ਹੀ ਜਾਪਦਾ . ਇਹ ਵਿਘਨ ਹੀ ਤੇ ਹੈ। ਹੋਰ ਕੀ ਹੋ ਸਕਦਾ ? ...ਇਹ ਗਲ ਠੀਕ ਹੀ ਹੈ।

ਬਿਨ ਕਰਮਾਂ ਕਿਛੁ ਪਾਈਐ ਨਾਹੀਂ...।

ਟੰਨ ! ਟੰਨ ! ਟੰਨ ! ਟੰਨ ! ਟੰਨ !

ਹਾਲੇ ਤੇ ਪੰਜ ਹੀ ਵੱਜੇ ਹਨ। ਸੂਰਜ ਚੜ੍ਹਨ ਵਿਚ ਤਾਂ ਘੱਟੋ ਘੱਟ ਦੋ ਘੰਟੇ ਬਾਕੀ ਹਨ। ਠੰਢ ਹੱਡਾਂ ਨੂੰ ਭੰਨੀ ਜਾ ਰਹੀ ਹੈ...ਹੁਣ ਤੇ ਨੀਂਦ ਭੀ ਨਹੀਂ ਆਉਂਦੀ ਐਵੇਂ ਹੀ ਉੱਸਲਵੱਟੇ ਲਈ ਜਾਂਦੇ ਹਾਂ...ਓਹ ਮਨਾਂ ! ਤੂੰ ਭੀ ਉਠ ਅੰਮ੍ਰਿਤ ਵੇਲਾ ਹੈ, ਤੂੰ ਭੀ ਉਠ ਕੇ ਪ੍ਰਭੂ ਨੂੰ ਧਿਆ ! ਕਿਉਂ ਦਲਿੱਦਰੀ ਬਣ ਕੇ ਪਿਆ ਹੈਂ ? ਉਹੋ ਹੋ ? ਐਨੀ ਸਰਦੀ ? ਬੂਹਾ ਖੋਲ੍ਹਦਿਆਂ ਭੀ ਬਾਛੜ ਅੰਦਰ ਆ ਗਈ ! ਬਾਹਰ ਤੇ ਮੀਂਹ ਹਨੇਰੀ ਨੇ ਜ਼ੋਰ ਪਾਇਆ ਹੋਇਆ ।...ਚਲੋ ਬੂਹਾ ਬੰਦ ਕਰਕੇ ਬਿਸਤਰੇ ਵਿਚ ਹੀ ਬਹਿੰਦੇ ਹਾਂ ਪਾਣੀ ਤਾਂ ਬਰਫ ਬਣਿਆ ਹੋਇਆ ਹੋਵੇਗਾ। ਦਿਨ ਚੜ੍ਹੇ ਗਰਮ ਕਰਵਾ ਕੇ ਹਥ ਮੂੰਹ ਧੋ ਲਵਾਂਗੇ।...

ਧੰਨ ਹਨ ਉਹ ਗੁਰੂ ਕੇ ਲਾਲ, ਗੁਰਸਿਖ ਪਿਆਰੇ ਜਿਹੜੇ ਏਨੀ ਸਰਦੀ, ਮੀਂਹ ਝੱਖੜ ਵਿਚ ਭੀ ਆਪਣਾ ਨਿਯਮ ਨਹੀਂ ਤੋੜਦੇ ! ਕੇਢੇ ਪੱਕੇ ਹਨ ਆਪਣੇ ਨਿਤਨੇਮ ਵਿਚ ? ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਹਨ ਇਹ ਹੌਸਲੇ ! ਸਾਥੋਂ ਤੇ ਐਵੇਂ ਭੀ ਬਾਹਰ ਨਹੀਂ ਨਿਕਲਿਆ ਜਾਂਦਾ ਇਸ ਝੱਖੜ ਝਾਂਗੀ ਸਰਦੀ ਵਿਚ। ਇਹ (ਗੁਰਸਿਖ) ਕਿਵੇਂ ਤੜਕੇ ਉਠਕੇ ਸੁਕੇਸ਼ (ਕੇਸਾਂ ਸਮੇਤ) ਇਸ਼ਨਾਨ ਕਰ ਲੈਂਦੇ ਹਨ ? ਇਹਨਾਂ ਨੂੰ ਸਰਦੀ ਨਹੀਂ ਪੋਂਹਦੀ ? ...ਇਹ ਏਨੇ ਮੂੰਹ ਹਨ੍ਹੇਰੇ ਉਠ ਕੇ ਆਪਣੀ ਨੀਂਦ ਕਿਵੇਂ ਪੂਰੀ ਕਰਦੇ ਹੋਣਗੇ ? ਰਾਤ ਨੂੰ ਉਨੀਂਦਰੇ ਰਹਿ ਕੇ ਅਗਲੇ ਦਿਨ ਕੰਮ ਕਿਵੇਂ ਕਰਦੇ ਹੋਣਗੇ ?



Namdhari Elibrary NamdhariElibrary@gmail.com

ਉਹ ਹੋ ! ਬੈਠੇ ਬੈਠੇ ਨੂੰ ਨੀਂਦ ਹੀ ਆ ਗਈ... ਮਨਾ ! ਤੂੰ ਕਿਉਂ ਉਂਘ-ਲਾਉਂਦਾ ਹੈਂ ? ਤੈਨੂੰ ਏਨਾ ਆਲਸ ਕਿਉਂ ਚਿੰਬੜਿਆ ਹੋਇਆ ਹੈ ? ...ਫੁਰ ! ਫੁਰ ! ਫੁਰ ! ...ਫੁ...ਰ.. (ਨੀਂਦ ਦੇ ਫੁਰਾਟੇ)

ਸਤਿਗੁਰੂ ਸਿੱਖ ਕੀ ਕਰੈ ਪ੍ਰਤਿਪਾਲ...ਸਤਿਗੁਰੁ ਸਿੱਖ ਕੇ ਬੰਧਨ ਕਾਟੈ... ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ? ...ਸਤਿਗੁਰੁ ਸਿੱਖ ਕਾ ਹਲਤੁ ਪਲਤੁ ਸਵਾਰੈ ? ਹਲਤੁ ਪਲਤੁ ਸਵਾਰੈ ? ...ਓ ਮਨਾ ! ਤੈਨੂੰ ਫਿਰ ਊਂਘ ਆ ਗਈ ? ਮਨਾਂ ! ਤੂੰ ਆਲਸੀਆ ਉਘਲਾਣਾ...ਕੇਡੀ ਸੁਰੀਲੀ ਆਵਾਜ਼ ਸੀ...ਸਤਿਗੁਰੁ ਸਿੱਖ ਕਾ ਹਲਤੁ ਪਲਤੁ ਸਵਾਰੈ...ਹਲਤੁ ਪਲਤੁ ਸਵਾਰੈ...। ਸਤਿਗੁਰੁ ਆਪਣੇ ਸਿੱਖ ਦਾ ਪਰਲੋਕ ਸਵਾਰੈ...ਹਾਂ ਆਪਣੇ ਸਿੱਖ ਦਾ... ਆਪਣੇ ਸਿੱਖ ਦਾ...ਆਪਣੇ ਸਿੱਖ ਦਾ...।

ਮਾਂ ਆਪਣੇ ਹੀ ਬੱਚੇ ਨੂੰ ਦੁੱਧ ਚੁੰਘਾਉਂਦੀ ਹੈ। ਉਸੇ ਦਾ ਹੀ ਪਾਲਣ ਪੋਸਣ ਕਰਦੀ ਹੈ, ਉਸੇ ਨੂੰ ਹੀ ਨਹਾਉਂਦੀ ਹੈ। ਕੇਵਲ ਆਪਣੇ ਹੀ ਬੱਚੇ ਦੀ ਦੇਖ ਭਾਲ ਕਰਦੀ ਹੈ। ਸਿਰਫ ਆਪਣੇ ਹੀ ਬੱਚੇ ਨੂੰ ਸਰਦੀ, ਗ਼ਰਮੀ, ਮੀਂਹ ਹਨ੍ਹੇਰੀ, ਕੁੱਤੇ ਬਿਲੇ ਤੋਂ ਬਚਾ ਕੇ ਰਖਦੀ ਹੈ। ਆਪਣੇ ਹੀ ਜਾਏ (ਬੱਚੇ) ਦੀ ਸੰਭਾਲ ਕਰਦੀ ਹੈ...! ਠੀਕ ਜੀ ਠੀਕ ! ਮਾਂ ਕੇਵਲ ਆਪਣੇ ਹੀ ਬੱਚੇ ਦੀ ਪ੍ਰਤਿਪਾਲਣਾ ਕਰਦੀ ਹੈ ਸਿਰਫ ਉਸਦੀ ਜਿਹੜਾ ਉਸਦਾ ਆਪਣਾ ਹੋਵੇ...! ਹੁਣ ਸਮਝ ਪਈ ਜੋ...ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ। ਸਤਿਗੁਰ ਆਪਣੇ (ਕੇਵਲ ਆਪਣੇ) ਸਿਖਾਂ ਦੀ ਰੱਖਿਆ ...ਕੇਵਲ ਆਪਣੇ ਸਿੱਖਾਂ ਦੀ ਰੱਖਿਆ ਕਰਦਾ ਹੈ ......।

ਓ ਮਨਾਂ ਕੀ ਤੂੰ ਭੀ ਆਪਣੇ ਆਪ ਨੂੰ ਗੁਰੂ ਦਾ ਸਿਖ ਕਹਿੰਦਾ ਹੈ ?...... ਸਤਿਗੁਰੂ ਦੇ ਬਚਨ ਤਾਂ ਇਉਂ ਸੁਣੀਦੇ ਹਨ—

"ਸੋ ਸਿਖ ਸਖਾ ਬੰਧਨੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ।"

ਇਹ ਸਮਝ ਇਉਂ ਪੈਂਦੀ ਹੈ ਕਿ ਸਿਖ ਉਹ ਹੈ ਜੋ ਗੁਰੂ ਕੇ ਭਾਣੇ ਅੰਦਰ ਰਹਿੰਦ ਹੈ। ਭਾਵ ਜੋ ਗੁਰੂ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ ਜਿਹੜਾ ਆਪਣੇ ਮਨ ਦੀ ਮਤ ਅਨੁਸਾਰ ਚਲਦਾ ਹੈ ਉਹ ਕਦੇ ਵੀ ਗੁਰੂ ਦਾ ਸਿ



Namdhari Elibrary NamdhariElibrary@gmail.com

ਨਹੀਂ ਅਖਵਾ ਸਕਦਾ। ਉਹ ਤੇ ਮਨਮੁਖ ਹੋਇਆ, ਜਿਹੜਾ ਸਤਿਗੁਰ ਤੋਂ ਬੇਮੁਖ ਹੋਕੇ ਦਰ ਦਰ ਦੀਆਂ ਠੋਕਰਾਂ ਖਾਂਦਾ ਹੈ...। ਮੀਂਹ ਹਨੇਰੀ ਸ਼ੁਰੂ ਹੋਣ ਤੋਂ ਪਹਿਲਾਂ ਇਸ ਹੀ ਭਾਵ ਦੀਆਂ ਤੁਕਾਂ ਤਾਂ ਕੰਨੀਂ ਪਈਆਂ ਸੀ :—

"ਗੁਰੂ ਕੈ ਗ੍ਰਿਹਿ ਸੇਵਕ ਜੋ ਰਹੈ,
ਗੁਰ ਕੀ ਆਗਿਆ ਮਨ ਮਹਿ ਸਹੈ।
... ... ... ... ...
ਮਨੁ ਬੇਚੈ ਸਤਿਗੁਰ ਕੈ ਪਾਸਿ
ਤਿਸ ਸੇਵਕ ਕੇ ਕਾਰਜ ਰਾਸਿ।"

ਗੱਲ ਤੇ ਫਿਰ ਇਉਂ ਹੀ ਬਣੀ ਕਿ ਜਿਹੜਾ ਮਨੁੱਖ ਆਪਣੇ ਮਨ ਦੀ ਮਤਿ (ਮਨ ਮਤਿ) ਮਨ ਮਰਜ਼ੀ ਨੂੰ ਤਿਆਗ ਕੇ ਗੁਰੂ ਦੀ ਮਤਿ (ਗੁਰਮਤਿ) ਗ੍ਰਹਿਣ ਕਰਕੇ ਗੁਰੂ ਦਾ ਹੁਕਮੀ ਬੰਦਾ (ਹੁਕਮਾਂ ਅੰਦਰ ਚੱਲਣ ਵਾਲਾ) ਬਣ ਗਿਆ ਉਸਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ, ਉਸਨੂੰ ਔਕੜਾਂ ਪੇਸ਼ ਨਹੀਂ ਆਉਂਦੀਆਂ...।

ਵਾਹਵਾ ! ਕੈਸਾ ਖਿਆਲ ਹੈ ! ਜਿਹੜਾ ਗੁਰਮਤਿ ਗ੍ਰਹਿਣ ਕਰਕੇ ਗੁਰੂ ਦਾ ਹੁਕਮੀ ਬੰਦਾ ਬਣ ਗਿਆ ਉਸਨੂੰ ਔਕੜਾਂ ਨਹੀਂ ਅਉਂਦੀਆਂ... !

ਪਰ ਮਨਾਂ ! ਤੂੰ ਤੇ ਸਾਰੀ ਰਾਤ ਸੁੱਕਦਾ ਹੀ ਰਹਿੰਦਾ ਏਂ। ਸਾਰਾ ਦਿਨ ਪੇਟ ਦੀ ਖਾਤਰ ਹਡ ਤੁੜਾਉਂਦਾ ਏਂ ਅਤੇ ਰਾਤ ਨੂੰ ਫ਼ਰਾਟੇ ਮਾਰਦਾ ਏਂ। ਮਾਇਆ ਨੇ ਤੇਰੇ ਦੁਆਲੇ ਏਨਾ ਪੀਡਾ ਜਾਲ ਉਲੀਕਿਆ ਹੋਇਆ ਏ ਕਿ ਗੁਰੂ ਹੁਕਮਾਂ ਨੂੰ ਸਮਝਣ ਲਈ ਤੇਰੇ ਕੋਲ ਸਮਾਂ ਹੀ ਨਹੀਂ, ਸਿਨਮਾਂ ਦੇਖਣ ਵਾਸਤੇ ਤੈਨੂੰ ਵਕਤ ਮਿਲ ਜਾਂਦਾ ਹੈ, ਕੋਈ ਯਾਰ ਦੋਸਤ ਆ ਜਾਵੇ ਤਾਂ ਅੱਧੀ ਅੱਧੀ ਰਾਤੀਂ ਤਕ ਗਪੋੜ ਮਾਰਦਿਆਂ ਤੈਨੂੰ ਨੀਂਦ ਨਹੀਂ ਆਉਂਦੀ ਪਰ ਗੁਰੂ ਦੇ ਬਚਨ (ਗੁਰਬਾਣੀ) ਸੁਣਨ ਜਾਂ ਪੜ੍ਹਨ ਦੀ ਤੈਨੂੰ ਵਿਹਲ ਨਹੀਂ ਮਿਲਦੀ, (ਹਰਿ ਜਸ) ਕੀਰਤਨ ਤੈਨੂੰ ਭਾਉਂਦਾ ਨਹੀਂ, ਸਾਧ ਸੰਗਤ ਵਿਚ ਤੇਰਾ ਚਿਤ ਨਹੀਂ ਲਗਦਾ, ਅਜੇਹੀ ਹਾਲਤ ਵਿਚ ਤੈਨੂੰ ਗੁਰੂ ਹੁਕਮਾਂ ਦੀ ਕਿਵੇਂ ਸੋਝੀ ਪਵੇ ? ਜਦ ਤੈਨੂੰ ਪਤਾ ਹੀ ਨਹੀਂ ਕਿ ਸਤਿਗੁਰੂ ਨੇ ਕੀ ਕੁਝ ਕਰਨ ਵਾਸਤੇ ਕਿਹਾ ਹੈ ਅਤੇ ਕਿਨ੍ਹਾਂ ਗਲਾਂ ਦੀ ਮਨਾਹੀ ਕੀਤੀ ਹੈ ਤਾਂ ਤੂੰ ਗੁਰੂ ਦਾ ਹੁਕਮੀ ਬੰਦਾ ਕਿਵੇਂ ਬਣ ਗਿਆ ਜੇ ਤੂੰ ਗੁਰੂ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦਾ ਤਾਂ ਤੂੰ ਉਸ (ਗੁਰ) ਨੂੰ ਕਿਵੇਂ ਭਾ ਸਕਦਾ ਹੈਂ ? ਸਕਦਾ (ਚੰਗਾ ਲਗ ਸਕਦਾ) ਹੈ ? ... ਸਿਖ ਤਾਂ ਗੁਰੂ ਦੀ ਸ਼ਿਖਸ਼ਾ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਹੀ ਮਨੁੱਖ ਹੋ



Namdhari Elibrary NamdhariElibrary@gmail.com

ਸਕਦਾ ਹੈ ਅਤੇ ਸਤਿਗੁਰੂ ਉਸੇ ਦੀ ਹੀ ਪ੍ਰਤੀਪਾਲਣ ਕਰਦਾ ਹੈ ।

ਓ ਮੂਰਖ ਮਨਾਂ ! ਛੱਡ ਆਲਸ, ਹੋਹੁ ਸਾਵਧਾਨ; ਤਜ ਸਗਲ ਸਿਆਣਪ (ਚਤੁਰਾਈ : ਤਿਆਗ ਮਨਮਤਿ, ਲਾਗ ਗੁਰਚਰਨੀ;ਕਰ ਗ੍ਰਹਿਣ ਗੁਰਮਤਿ ਬਣ ਗੁਰਮੁਖ; ਕਰ ਸਫਲ ਜਨਮ, ਹੋਹੁ ਪਤਿਤ ਪੁਨੀਤ !



Namdhari Elibrary NamdhariElibrary@gmail.com

## ੯

# ਰਹਿਣੀ ਰਹੇ ਸੋਈ ਸਿੱਖ ਮੇਰਾ

ਇਕ ਦਿਨ ਸੁਪਰਟੰਡੈਂਟ ਪੁਲੀਸ ਦੇ ਹੈਡ ਕਲਰਕ ਨੇ ਭਾਈ ਗੋਪਾਲ ਸਿੰਘ ਨੂੰ ਆਪਣੇ ਦਫਤਰ ਬੁਲਾਇਆ ਅਤੇ ਇਕ ਬਕਸਾ ਸਾਹਿਬ (ਸੁਪਰਟੰਡੈਂਟ ਪੁਲੀਸ) ਦੇ ਬੰਗਲੇ ਛਡ ਆਉਣ ਲਈ ਕਿਹਾ। ਭਾਈ ਗੋਪਾਲ ਸਿੰਘ ਨੂੰ ਬਕਸੇ ਤੇ ਕੁਝ ਸ਼ੱਕ ਜਿਹਾ ਪੈ ਗਿਆ। ਉਸ ਨੇ ਹੈਡ ਕਲਰਕ ਨੂੰ ਪੁਛਿਆ ਕਿ ਇਸ ਬਕਸੇ ਵਿਚ ਕੀ ਹੈ ? ਹੈਡ ਕਲਰਕ ਭਾਈ ਗੋਪਾਲ ਸਿੰਘ ਨੂੰ ਇਕ ਅੰਗਰੇਜ਼ੀ ਵਿਚ ਲਿਖੀ ਹੋਈ ਲਿਸਟ ਸੁਣਾਉਨ ਲੱਗ ਪਿਆ। ਗੋਪਾਲ ਸਿੰਘ ਨੇ ਕਿਹਾ ਕਿ ਮੈਨੂੰ ਅੰਗਰੇਜ਼ੀ ਨਹੀਂ ਆਉਂਦੀ ਇਸ ਲਈ ਦੇਸੀ ਬੋਲੀ ਵਿਚ ਸਮਝਾਓ।

ਹੈਡ ਕਲਰਕ ਨੇ, ਜੋ ਕੁਝ ਉਸ ਬਕਸੇ ਵਿਚ ਸੀ, ਦੱਸ ਦਿੱਤਾ ਅਤੇ ਕਿਹਾ ਕਿ ਇਸ ਵਿਚ ਇਕ ਵੱਡਾ ਡੱਬਾ ਸਿਗਰਟਾਂ ਦਾ ਹੈ। ਸਿਗਰਟਾਂ ਦਾ ਨਾਂ ਸੁਣਦੇ ਹੀ ਭਾਈ ਗੋਪਾਲ ਸਿੰਘ ਨੇ ਬਕਸਾ ਲੈ ਜਾਣ ਤੋਂ ਇਨਕਾਰ ਕਰ ਦਿਤਾ। ਉਸ ਨੇ ਹੈਡ ਕਲਰਕ ਨੂੰ ਸਾਫ ਕਹਿ ਦਿਤਾ ਕਿ ਗੁਰੂ ਦੇ ਸਿਖ ਵਾਸਤੇ ਸਿਗਰਟ ਤੰਬਾਕੂ ਆਦਿ ਬੱਜਰ ਕੁਰਹਿਤ ਹੈ ਇਸ ਲਈ ਮੈਂ ਇਸ ਬਕਸੇ ਨੂੰ ਚੁਕ ਨਹੀਂ ਲਿਜਾ ਸਕਦਾ।

ਹੈਡ ਕਲਰਕ ਨੇ ਭਾਈ ਗੋਪਾਲ ਸਿੰਘ ਨੂੰ ਕਿਹਾ ਕਿ ਭਾਈ ਸਾਹਿਬ ਤੁਸੀਂ ਇਕ ਸਪਾਹੀ ਹੋ ਅਤੇ ਸਾਹਿਬ ਬਹੁਤ ਵੱਡਾ ਅੰਗਰੇਜ਼ ਅਫਸਰ ਹੈ, ਜੇ ਉਸਨੂੰ ਪਤਾ ਲਗ ਗਿਆ ਕਿ ਤੁਸੀਂ ਹੁਕਮ ਅਦੂਲੀ (ਹੁਕਮ ਮੰਨਣ ਤੋਂ ਇਨਕਾਰ) ਕੀਤਾ ਹੈ ਤਾਂ ਉਹ ਤੁਹਾਨੂੰ ਇਕ ਦਮ ਨੌਕਰੀ ਤੋਂ ਕਢ ਦੇਵੇਗਾ। ਭਾਈ ਗੋਪਾਲ ਸਿੰਘ ਨੇ ਉਤਰ ਦਿੱਤਾ ਕਿ ਮੈਨੂੰ ਨੌਕਰੀ ਦੀ ਕੌਡੀ ਪ੍ਰਵਾਹ ਨਹੀਂ, ਮੈਂ ਇਥੇ ਕੁਝ ਛਿੱਲੜਾਂ (ਰੁਪਈਆਂ) ਦੀ ਖਾਤਰ ਆਪਣਾ ਧਰਮ ਵੇਚਣ ਨਹੀਂ ਆਇਆ।



Namdhari Elibrary NamdhariElibrary@gmail.com

ਭਾਈ ਗੋਪਾਲ ਸਿੰਘ ਦਾ ਇਹ ਉਤਰ ਸੁਣਕੇ ਹੈਡ-ਕਲਰਕ ਦਲੀਲ ਦੇਣ ਲਗਾ ਕਿ ਭਾਈ ਸਾਹਿਬ ! ਵੇਖੋ ਇਹ ਬਕਸਾ ਹੈ। ਇਸ ਵਿਚ ਕਈ ਚੀਜ਼ਾਂ ਹਨ ਜਿਨ੍ਹਾਂ ਵਿਚ ਇਕ ਸਿਰਗਟਾਂ ਦਾ ਭੀ ਡੱਬਾ ਹੈ, ਸਿਗਰਟਾਂ ਦੇ ਡੱਬੇ ਅੰਦਰ ਛੋਟੀਆਂ ਛੋਟੀਆਂ ਡੱਬੀਆਂ ਹਨ ਅਤੇ ਫਿਰ ਕਿਧਰੇ ਜਾ ਕੇ ਉਨ੍ਹਾਂ ਵਿਚ ਸਿਰਗਟਾਂ ਹਨ। ਤੁਹਾਡਾ ਤੇ ਹੱਥ ਸਿਰਗਟਾਂ ਨੂੰ ਲਗਣਾ ਹੀ ਨਹੀਂ । ਤੁਸੀਂ ਤੇ ਸਿਰਫ ਬਕਸਾ ਹੀ ਚੁਕ ਲਿਜਾਣਾ ਹੈ। ਇਸ ਵਿਚ ਕੀ ਹਰਜ਼ ਹੈ ?... (ਕੁਝ ਦੇਰ ਰੁਕ ਕੇ)......ਜੇ ਤੁਸੀਂ ਬਕਸੇ ਨੂੰ ਭੀ ਹਥ ਨਹੀਂ ਲਾਉਣਾ ਚਾਹੁੰਦੇ ਤਾਂ ਇਸਨੂੰ ਆਪਣੀ ਡਾਂਗ ਨਾਲ ਅੜੁੰਗ ਲਓ। ਡਾਂਗ ਲਾਠੀ ਮੋਢੇ ਤੇ ਰੱਖ ਲਵੋ ਅਤੇ ਬਕਸਾ ਪਿਛੇ ਲਟਕਦਾ ਰਹੇਗਾ। ਭਾਈ ਗੋਪਾਲ ਸਿੰਘ ਬੋਲਿਆ ਕਿ ਜੇ ਕੋਈ ਤੁਹਾਨੂੰ ਕਹੇ ਕਿ ਇਸ ਤਰ੍ਹਾਂ ਸੋਟੀ ਨਾਲ ਲਟਕਾ ਕੇ ਟੱਟੀ ਭਰਿਆ ਡੱਬਾ ਚੁਕ ਕੇ ਲੈ ਜ ਉ ਤਾਂ ਤੁਸੀ ਲੈ ਜਾਉਂਗੇ?

ਹੈਡ ਕਲਰਕ ਕੋਈ ਉਤਰ ਨਾ ਦੇ ਸਕਿਆ। ਉਸਨੇ ਭਾਈ ਗੋਪਾਲ ਸਿੰਘ ਨੂੰ ਪਹਿਰੇ ਤੇ ਭੇਜ ਦਿਤਾ ਅਤੇ ਸਾਹਿਬ ਕੋਲ ਉਸਦੇ (ਗੋਪਾਲ ਸਿੰਘ) ਹੁਕਮ ਨਾ ਮੰਨਣ ਦੀ ਰਿਪੋਰਟ ਕਰ ਦਿਤੀ । ਸਾਹਿਬ ਨੇ ਗੋਪਾਲ ਸਿੰਘ ਨੂੰ ਆਪਣੇ ਦਫਤਰ ਬੁਲਾਇਆ ਅਤੇ ਇਉਂ ਕਿਹਾ :—

"ਵੇਲ ਗੋਪਾਲ ! ਹਮ ! ਟੁਮ (ਤੁਮ) ਪਰ ਵਹੁਟ (ਬਹੁਤ) ਖੁਨ (ਖੁਸ਼) ਹੈ। ਹਮ ਐਸਾ ਹੀ ਆਡਮੀ (ਆਦਮੀ) ਪਸੰਡ (ਪਸੰਦ) ਕਰਟਾ (ਕਰਤਾ) ਹੈ ਜੋ ਆਪਣੇ ਪ੍ਰਿੰਸੀਪਲ (ਅਸੂਲ) ਕਾ ਪੱਕਾ ਹੈ। ਯਹੀ ਵਜ੍ਹਾ ਹੈ ਕਿ ਮੈਂ ਟੁਮ (ਤੁਮ) ਕੋ ਸਿਵਾ ਕਿਸੀ ਔਰ ਕੋ ਅਪਨੇ ਕਾਮ ਕੇ ਲੀਏ ਨਹੀਂ ਕਹਿਟਾ (ਕਹਿਤਾ) ਵੈਲ (ਅੱਛਾ) ਅੱਬ ਟੁਮ ਬਹਿਰੇ ਕੋ ਸਾਠ (ਸਾਥ) ਲੈ ਆਉ ਔਰ ਬਾਕਸ (ਬਕਸਾ) ਉਸ ਸੇ ਉਠਵਾ ਕਰ ਹਮਾਰੇ ਬੈਂਗਲੇ (ਬੰਗਲੇ) ਛੋੜ ਡੋ (ਦੋ) ।"

ਗੋਪਾਲ ਸਿੰਘ ਨੇ ਦਫਤਰੋਂ ਬਾਹਰ ਆਉਂਦਿਆਂ ਆਪਣੇ ਮਨ ਵਿਚ ਅਰਦਾਸ ਦੇ ਇਹ ਸ਼ਬਦ ਦੁਹਰਾਏ—

"ਸ਼ੁਕਰ ਤੇਰਾ ਸਤਿਗੁਰ ! ਸਿਖੀ ਕੇਸਾਂ ਸਵਾਸਾਂ ਸੰਗ ਨਿਬਹੇ।"



Namdhari Elibrary NamdhariElibrary@gmail.com

# ੧੦

# ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ

"ਭਾਈ ਸਾਹਿਬ ਜ਼ਰਾ ਬਾਹਰ ਆਣਾ, ਗੱਲ ਸੁਣਨਾ" ਸ਼ਾਮ ਦੇ ਘੁਸਮੁਸੇ ਵਿਚ ਥਾਨੇਦਾਰ ਨੇ ਸਿਪਾਹੀ ਗੋਪਾਲ ਸਿੰਘ ਨੂੰ ਬਾਹਰੋਂ ਅਵਾਜ਼ ਦਿੱਤੀ। 'ਮੇਰੇ ਕੋਲ ਨਹੀਂ ਜੇ ਵੇਹਲ ਐਸ ਵੇਲੇ ਗਲ ਸੁਣਨ ਦੀ" ਰੋਟੀ ਪਕਾ ਰਹੇ ਭਾਈ ਗੋਪਾਲ ਸਿੰਘ ਨੇ ਉਤਰ ਦਿੱਤਾ। "ਭਾਈ ਸਾਹਿਬ ਥੁਆਡੇ ਫੈਦੇ ਦੀ ਗੱਲ ਆ, ਛੇਤੀ ਬਾਹਰ ਆਓ!" ਥਾਨੇਦਾਰ ਨੇ ਕਾਹਲੀ ਕਾਹਲੀ ਕਿਹਾ।

ਗੋਪਾਲ ਸਿੰਘ ਬੂਹਿਓਂ ਬਾਹਰ ਆਇਆ, ਤਾਂ ਥਾਨੇਦਾਰ ਨੇ ਉਸ ਵਲ ਨੂੰ ਹੱਥ ਵਧਾਉਂਦਿਆਂ ਹੋਇਆ ਕਿਹਾ, "ਔਹ ਲਓ ਦੋ ਰੁਪਏ।" "ਇਹ ਕੇਹੇ ?" ਗੋਪਾਲ ਸਿੰਘ ਨੇ ਪੁਛਿਆ। "ਤੁਹਾਡਾ ਹਿੱਸਾ" ਥਾਨੇਦਾਰ ਨੇ ਉਤਰ ਦਿੱਤਾ। "ਮੇਰਾ ਹਿੱਸਾ ਕਿਹਾ ?" ਗੋਪਾਲ ਸਿੰਘ ਨੇ ਫਿਰ ਪੁਛਿਆ। "ਭਾਈ ਸਾਹਿਬ ! ਜਿਹੜਾ ਤੁਸੀਂ ਉਸ ਦਿਨ ਚੋਰ ਫੜਿਆ ਸੀ, ਅਸੀਂ ਸੋਚਿਆ ਕਿ ਉਸਦਾ ਕੇਸ ਸਿਰੇ ਨਹੀਂ ਜੇ ਚੜ੍ਹਨ ਲਗਾ, ਐਵੇਂ ਬਦਨਾਮੀ ਹੋਏਗੀ। ਅਸੀਂ ਉਸਨੂੰ ਛੱਡ ਦਿੱਤਾ। ਉਸ ਵਲੋਂ ਆਏ ਪੈਸੇ ਅਸੀਂ ਸਾਰਿਆਂ ਨੇ ਵੰਡ ਲਏ ਹਨ ਇਹ ਤੁਹਾਡਾ ਹੀ ਹਿੱਸਾ ਬਾਕੀ ਹੈ।" ਥਾਨੇਦਾਰ ਨੇ ਗੱਲ ਸਮਝਾਉਂਦਿਆਂ ਕਿਹਾ। ਇਹ ਗੱਲ ਸੁਣਦੇ ਹੀ ਭਾਈ ਗੋਪਾਲ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਦੀਆਂ ਰਗਾਂ ਦਾ ਖੂਨ ਗਰਮ ਹੋ ਗਿਆ। ਉਹ ਕੜਕ ਕੇ ਬੋਲਿਆ, "ਤੁਸਾਂ ਰਿਸ਼ਵਤ ਲੈ ਕੇ ਚੋਰ ਨੂੰ ਛਡ ਦਿੱਤਾ ? ਮੈਨੂੰ ਭੀ ਣ ਵੱਢੀ ਦੇਣ ਆਏ ਹੋ ? ਤੁਸੀਂ ਮੇਰੀ ਬੇਇਜ਼ਤੀ ਕੀਤੀ ਹੈ। ਮੈਂ ਭੀ ਤੁਹਾਡੇ ਘਰ ਵਾਂਗਾ ਅਤੇ ਸਾਰਿਆਂ ਦੇ ਸਾਹਮਣੇ ਤੁਹਾਡੀ ਭੀ ਇਸੇ ਹੀ ਤਰ੍ਹਾਂ ਬੇਇੱਜ਼ਤੀ ਰਾਂਗਾ" ਗੋਪਾਲ ਸਿੰਘ ਇਕੋ ਹੀ ਸਾਹ ਕਈ ਕੁਝ ਬੋਲ ਗਿਆ। ਥਾਨੇਦਾਰ ਪਾਲ ਸਿੰਘ ਦੀ ਕੜਕਵੀਂ ਆਵਾਜ਼ ਦੀ ਤਾਬ ਨਾ ਲਿਆ ਸਕਿਆ। ਉਹ ਖੜ੍ਹਾ ਕੰਬਣ ਲਗ ਪਿਆ।



Namdhari Elibrary NamdhariElibrary@gmail.com

"ਭਾਈ ਸਾਹਿਬ ਜੀ ! ਮੈਂ ਤੇ ਕੋਈ ਬੇਇੱਜ਼ਤੀ ਵਾਲੀ ਗਲ ਨਹੀਂ ਕੀਤੀ", ਥਾਨੇਦਾਰ ਨੇ ਹਲੀਮੀ ਵਿਚ ਡਰਦੇ ਡਰਦੇ ਨੇ ਕਿਹਾ। "ਤੈਂ ਬੇਇੱਜ਼ਤੀ ਵਾਲੀ ਗੱਲ ਨਹੀਂ ਕੀਤੀ ਤਾਂ ਹੋਰ ਕੀ ਕੀਤਾ ? ਤੈਨੂੰ ਸ਼ਰਮ ਨਾ ਆਈ ? ਤੂੰ ਸਿੰਘਾਂ ਨੂੰ ਵੱਢੀ ਖੋਰ ਸਮਝਦੈਂ ? ਗੁਰੂ ਦੇ ਸਿੰਘ ਨੂੰ ਵੱਢੀ ਲੈਣ ਵਾਸਤੇ ਕਹਿਣਾ, ਉਸ ਦੀ ਬੇਇੱਜ਼ਤੀ ਨਹੀਂ ਤਾਂ ਹੋਰ ਕੀ ਹੈ। ਗੁਰੂ ਦੇ ਸਿੱਖ ਦੀ ਇਸ ਤੋਂ ਵੱਡੀ ਬੇਇੱਜ਼ਤੀ ਹੋਰ ਕੀ ਹੋ ਸਕਦੀ ਹੈ ?" ਗੋਪਾਲ ਸਿੰਘ ਫਿਰ ਭਬਕਿਆ।

ਥਾਨੇਦਾਰ ਨੂੰ ਤਰੇਲੀਆਂ ਛੁਟ ਪਈਆਂ। ਉਹ ਖੜਾ ਹੀ ਕੰਬੀ ਜਾ ਰਿਹਾ ਸੀ। ਚੁਲ੍ਹੇ ਤੇ ਦਾਲ ਉਬਲਦੀ ਦੇਖ ਕੇ ਭਾਈ ਗੋਪਾਲ ਸਿੰਘ ਅੰਦਰ ਚਲੇ ਗਏ ਅਤੇ ਥਾਨੇਦਾਰ ਨੂੰ ਉਥੋਂ ਖਿਸਕਣ ਦਾ ਮੌਕਾ ਮਿਲ ਗਿਆ।

ਘਰ ਦਾ ਗੁਜ਼ਾਰਾ ਚੰਗੀ ਤਰ੍ਹਾਂ ਨਾ ਹੁੰਦਾ ਦੇਖ ਕੇ ਭਾਈ ਗੋਪਾਲ ਸਿੰਘ ਲਾਹੌਰ ਰੇਲਵੇ ਪੁਲਸ ਵਿਚ ਭਰਤੀ ਹੋ ਗਏ ਸਨ। ਆਪਣੇ ਪਿੰਡ ਤੋਂ ਉਹ ਕਾਫ਼ੀ ਦੂਰ ਸਨ ਅਤੇ ਇਕੱਲੇ ਹੀ ਰਹਿੰਦੇ ਸਨ। ਆਪਣਾ ਖਾਣਾ ਆਪਣੇ ਹੱਥੀਂ ਤਿਆਰ ਕੀਤਾ ਕਰਦੇ ਸਨ। ਅਕਾਲ ਪੁਰਖ ਦੀ ਮਿਹਰ ਅਨੁਸਾਰ ਰਹਿਤ ਬਹਿਤ ਵਿਚ ਪੱਕੇ ਸਨ। ਅੰਮ੍ਰਿਤ ਵੇਲੇ ਦੇ ਸਿਮਰਨ ਅਤੇ ਨਿੱਤਨੇਮ ਨੂੰ ਕਦੇ ਨਾ ਖੁੰਝਣ ਦੇਂਦੇ। ਸਾਰਾ ਦਿਨ ਡਿਊਟੀ ਦਿੰਦਿਆਂ ਹੋਇਆਂ ਭੀ ਸਿਮਰਨ ਕਰਦੇ ਰਹਿੰਦੇ। ਲਾਹੌਰ ਸਟੇਸ਼ਨ ਤੇ ਕਦੇ ਇਧਰ ਫਿਰਦੇ ਕਦੇ ਉਧਰ ਫਿਰਦੇ ਰਹਿੰਦੇ, ਹੱਥ ਕਾਰ ਵਲ ਦੇਂਦੇ ਤਾਂ ਦਿਲ ਯਾਰ ਵਲ। ਚੌਕੀਦਾਰਾ ਭੀ ਕਰੀ ਜਾਂਦੇ ਅਤੇ ਨਾਮ ਭੀ ਸਿਮਰੀ ਜਾਂਦੇ ਜੇ ਕੋਈ ਚਾਹ ਪੀਣ ਵਾਸਤੇ ਕਹਿੰਦਾ ਤਾਂ ਉਤਰ ਦਿੰਦੇ ਕਿ ਭਾਈ ਮੈਂ ਤੇ ਚਾਹ ਪੀਂਦਾ ਹੀ ਨਹੀਂ। ਜੇ ਕੋਈ ਸੋਡਾ ਪੀਣ ਵਾਸਤੇ ਕਹਿੰਦਾ ਤਾਂ ਉਸ ਨੂੰ ਕਹਿ ਛੱਡਦਾ ਕਿ ਮੈਨੂੰ ਤੇ ਸੋਡਾ ਮੁਆਫਕ ਹੀ ਨਹੀਂ ਬੈਠਦਾ ਜਦੋਂ ਤਰੇਹ ਲਗਦੀ ਤਾਂ ਸਾਦਾ ਪਾਣੀ ਪੀ ਲੈਂਦੇ। ਆਮ ਕਰਕੇ ਕਿਸੇ ਨਾਲ ਬਹੁਤੀ ਗਲ ਨਾ ਕਰਦੇ, ਆਪਣੇ ਰੰਗ ਵਿਚ ਹੀ ਮਸਤ ਰਹਿੰਦੇ। ਸਵੇਰ ਸ਼ਾਮ ਦੇ ਨਿੱਤਨੇਮ ਦੇ ਪਾਠ ਬੜੇ ਇਕਾਗਰ ਚਿਤ ਹੋ ਕੇ ਕਰਦੇ। ਇਸ ਸਮੇਂ ਸਹਿਜੇ ਕੀਤੇ ਕਿਸੇ ਨੂੰ ਨੇੜੇ ਨਾ ਫਟਕਣ ਦਿੰਦੇ। ਆਲੇ ਦੁਆਲੇ ਰੁਹਬ ਦਾਬ ਉਨ੍ਹਾਂ ਦਾ ਇੰਨਾ ਸੀ ਕਿ ਸਹਿਜੇ ਕੀਤੇ ਕੱਚਾ ਪਿੱਲਾ ਉਹਨਾਂ ਦੇ ਲਾਗੇ ਨਾ ਆਉਂਦਾ। ਲੰਗਰ ਬੜੀ ਸੋਧ ਨਾਲ ਤਿਆਰ ਕਰਦੇ। ਲੰਗਰ ਤਿਆਰ ਕਰਦੇ ਜ਼ਰਾ ਭੀ ਅਵੇਸਲੇ ਨਾ ਹੁੰਦੇ ਮਤਾਂ ਕੋਈ ਟਿੱਡੀ, ਕਿਰਲੀ, ਮੱਖੀ, ਮਕੌੜੀ ਚੂਹਾ, ਕੁੱਤਾ ਆਦਿ ਲੰਗਰ ਭਰਿਸ਼ਟ ਨਾ ਕਰ ਦੇਵੇ। ਲੰਗਰ ਤਿਆਰ ਹੁੰਦਾ ਛੋਂ ...



Namdhari Elibrary NamdhariElibrary@gmail.com

ਬਾਹਰ ਜਾਣਾ ਪਸੰਦ ਨਾ ਕਰਦੇ ।

ਥਾਨੇਦਾਰ ਰਾਤੋ ਰਾਤ ਸਾਰੇ ਪੱਤੀਦਾਰਾਂ ਦੇ ਘਰ ਫਿਰਿਆ, ਜਿੰਨੀ ਦੇਰ ਉਸ ਨੇ ਸਾਰੇ ਪੈਸੇ ਵਾਪਸ ਨਾ ਲੈ ਆਂਦੇ ਉਨੀ ਦੇਰ ਉਸਨੂੰ ਚੈਨ ਨਾ ਆਈ, ਰਾਤ ਉਸਨੂੰ ਬੜੀ ਔਖੀ ਬਤੀਤ ਹੋਈ । ਸੂਰਜ ਚੜ੍ਹਦਿਆਂ ਹੀ ਉਹ ਰਿਸ਼ਵਤ ਵਾਲੇ ਸਾਰੇ ਪੈਸੇ ਲੈ ਕੇ ਭਾਈ ਗੋਪਾਲ ਸਿੰਘ ਦੇ ਕੁਆਟਰ ਪੁਜ ਗਿਆ । ਉਥੇ ਜਾ ਕੇ ਉਹ ਭਾਈ ਗੋਪਾਲ ਸਿੰਘ ਨੂੰ ਕਹਿਣ ਲੱਗਾ ਕਿ ਭਾਈ ਸਾਹਿਬ ਜੀ ਮੈਂ ਰਿਸਵਤ ਵਾਲੇ ਸਾਰੇ ਰੁਪਏ ਸਭ ਕੋਲੋਂ ਵਾਪਸ ਲੈ ਆਇਆ ਹਾਂ, ਹੁਣ ਤੁਸੀਂ ਜਿਵੇਂ ਕਹੋ ਉਵੇਂ ਹੀ ਕਰ ਲਵਾਂਗਾ । ਜੇ ਕਹੋ ਤਾਂ ਇਹ ਸਾਰੇ ਰੁਪਏ ਗੁਰਦਵਾਰਾ ਸ਼ਹੀਦ ਗੰਜ ਦੇ ਆਉਂਦੇ ਹਾਂ । ਇਹ ਗੱਲ ਸੁਣਦੇ ਹੀ ਗੋਪਾਲ ਸਿੰਘ ਕੜਕ ਕੇ ਬੋਲੇ, "ਕੀ ਤੁਸੀਂ ਸ਼ਹੀਦ ਗੰਜ ਸਾਹਿਬ ਨੂੰ ਮੜ੍ਹੀ ਮਸਾਣੀ ਸਮਝਿਆ ਹੋਇਆ ਹੈ ਜਿਥੇ ਵੱਢੀ ਬੇਈਮਾਨੀ ਦਾ ਧਾਨ ਕਬੂਲਿਆ ਜਾਏਗਾ ? ਤੁਹਾਨੂੰ ਇਹੋ ਜਿਹੀਆਂ ਗੱਲਾਂ ਕਰਦਿਆਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ ?... (ਥੋੜ੍ਹੀ ਦੇਰ ਰੁਕ ਕੇ) ਇਨ੍ਹਾਂ ਪੈਸਿਆਂ ਦਾ ਓਹੀਓ ਹੀ ਹੱਕਦਾਰ ਹੈ ਜਿਸ ਕੋਲੋਂ ਲਏ ਹਨ ।"

ਥਾਨੇਦਾਰ ਨਿਮੋਝੂਣਾ ਹੋ ਕੇ ਵਾਪਸ ਮੁੜ ਆਇਆ । ਥਾਨੇ ਆ ਕੇ ਉਸ ਨੇ ਚੋਰ ਦੇ ਪਿੰਡ ਦਾ ਪਤਾ ਕੀਤਾ । ਇਕ ਸਿਪਾਹੀ ਨੂੰ ਨਾਲ ਲੈਕੇ ਉਹ ਉਥੇ ਪੁਜਿਆ । ਚੋਰ ਨੂੰ ਸੱਦ ਕੇ ਥਾਨੇਦਾਰ ਨੇ ਉਸ ਦੇ ਪੈਸੇ ਵਾਪਸ ਕਰ ਦਿਤੇ ਅਤੇ ਕਿਹਾ ਕਿ ਇਹ ਪੈਸੇ ਤੈਨੂੰ ਉਸ ਸਿੱਖ ਸਿਪਾਹੀ ਦੀ ਬਦੌਲਤ ਮਿਲੇ ਹਨ ਜਿਸ ਨੇ ਤੈਨੂੰ ਚੋਰੀ ਕਰਦੇ ਨੂੰ ਫੜਿਆ ਸੀ । "ਹੈਂ ! ਉਸ ਸਰਦਾਰ ਦੀ ਬਦੌਲਤ ?" ਚੋਰ ਨੇ ਬਹੁਤ ਹੀ ਹੈਰਾਨ ਹੋ ਕੇ ਪੁਛਿਆ। ਥਾਨੇਦਾਰ ਨੇ ਹਾਂ ਵਿਚ ਉੱਤਰ ਦਿਤਾ ।

ਰਿਸ਼ਵਤ ਵਜੋਂ ਦਿੱਤੇ ਪੈਸੇ ਵਾਪਸ ਮਿਲਣ ਦੀ ਘਟਨਾ ਨੇ ਚੋਰ ਦੀ ਆਤਮਾ ਨੂੰ ਝੰਜੋੜ ਦਿਤਾ । ਉਸ ਨੂੰ ਗੋਪਾਲ ਸਿੰਘ ਇਕ ਦੇਵਤਾ ਭਾਸਿਆ ਜਿਸ ਦੀ ਕਰਨੀ ਨੇ ਉਸ ਦੀ ਆਤਮਾ ਨੂੰ ਡੂੰਘੀ ਛਾਪ ਲਾ ਦਿਤੀ ।

ਕਈ ਸਾਲਾਂ ਬਾਦ ਥਾਨੇਦਾਰ ਨੂੰ ਉਸ ਚੋਰ ਦੇ ਪਿੰਡ ਜਾਣ ਦਾ ਮੌਕਾ ਮਿਲਿਆ । ਉਸ ਨੇ ਇਕ ਬਜ਼ੁਰਗ ਕੋਲੋਂ ਚੋਰ ਬਾਬਤ ਪੁਛਿਆ , ਬਜ਼ੁਰਗ ਨੇ ਦਸਿਆ ਕਿ ਉਹ ਤੇ ਮਰ ਚੁਕਿਆ ਹੈ ਪਰ ਮਰਨ ਤੋਂ ਕਈ ਸਾਲ ਪਹਿਲਾਂ ਉਸ ਨੇ ਚੋਰੀ ਕਰਨੀ ਛੱਡ ਦਿਤੀ ਸੀ ਅਤੇ ਪਰਮਾਤਮਾ ਦੀ ਭਗਤੀ ਵਿਚ ਲਗ ਗਿਆ ਸੀ।



Namdhari Elibrary NamdhariElibrary@gmail.com

## ੧੧

# ਸੇਵਕ ਕੀ ਓੜਕਿ ਨਿਬਹੀ ਪ੍ਰੀਤ

ਮੇਰਾ ਜਨਮ ਸਿੱਖਾਂ ਦੇ ਘਰ ਹੋਇਆ, ਛੋਟਾ ਹੁੰਦਾ ਮੈਂ ਆਪਣੇ ਮਾਪਿਆਂ ਨੂੰ ਪਾਠ ਕਰਦੇ, ਗੁਰਦੁਆਰੇ ਜਾਂਦੇ ਅਤੇ ਲੰਗਰ ਆਦਿ ਦੀ ਸੇਵਾ ਕਰਦੇ ਵੇਖਿਆ ਕਰਦਾ। ਮੇਰਾ ਬਾਪੂ ਤੜਕੇ ਹੀ ਉਠ ਖਲੋਂਦਾ ਸੀ, ਗਰਮੀ ਹੋਵੇ ਜਾਂ ਸਰਦੀ, ਮੀਂਹ ਹੋਵੇ ਜਾਂ ਝੱਕੜ, ਉਹ ਤੜਕੇ ਹੀ ਉਠ ਕੇ ਖੂਹ ਤੇ ਇਸ਼ਨਾਨ ਕਰ ਆਉਂਦਾ ਅਤੇ ਸਮਾਧੀ ਲਾ ਕੇ ਬਹਿ ਜਾਂਦਾ। ਜਦੋਂ ਪਹੁਫੁਟਾਲਾ ਹੋ ਜਾਂਦਾ ਤਾਂ ਉਹ ਗੁਰਬਾਣੀ ਨਿੱਤਨੇਮ ਦਾ ਪਾਠ ਕਰਦਾ ਅਤੇ ਅਰਦਾਸ ਕਰਕੇ ਗੁਰਦੁਆਰੇ ਚਲਿਆ ਜਾਂਦਾ।

ਮੇਰੀ ਮਾਂ ਵੀ ਅੰਮ੍ਰਿਤ ਵੇਲੇ ਉਠਦੀ ਅਤੇ ਬਿਲਾ-ਨਾਗਾ ਇਸ਼ਨਾਨ ਕਰਦੀ। ਇਸਨਾਨ ਕਰਕੇ ਉਹ ਚੱਕੀ ਪੀਹਣ ਲਗ ਜਾਂਦੀ ਅਤੇ ਪਹੁਫੁਟਾਲੇ ਨਾਲ ਧਾਰ ਰਿੜਕਣ ਲਗ ਜਾਂਦੀ, ਆਟਾ ਪੀਂਹਦੀ, ਝਾੜੂ ਬੁਹਾਰੀ ਕਰਦੀ, ਮੱਝ ਨੂੰ ਪੱਠੇ ਪਾਉਂਦੀ, ਅੰਦਰ ਬਾਹਰ ਫਿਰਦੀ ਉਹ ਨਾਮ ਸਿਮਰਨ ਅਤੇ ਨਿਤਨੇਮ ਦਾ ਪਾਠ ਕਰਦੀ ਰਹਿੰਦੀ ਸੁਖਾਮਨੀ ਸਾਹਿਬ ਦਾ ਪਾਠ ਭੀ ਉਸਨੂੰ ਜ਼ਬਾਨੀ ਕੰਠ ਸੀ, ਕੰਮ ਕਾਰ ਕਰਦੀ ਅਤੇ ਤੁਰਦੀ ਫਿਰਦੀ ਉਹ ਸੁਖਮਨੀ ਦਾ ਪਾਠ ਭੀ ਕਰ ਲੈਂਦੀ।

ਮੇਰਾ ਬਾਪੂ ਜਦੋਂ ਗੁਰਦੁਆਰਿਓਂ ਹੋ ਕੇ ਵਾਪਸ ਆਉਂਦਾ ਤਾਂ ਰੋਟੀ ਪੱਕੀ ਹੋਈ ਹੁੰਦੀ ਉਹ ਸਵੇਰ ਦੀ ਰੋਟੀ ਖਾ ਕੇ ਅਤੇ ਦੁਪਹਿਰ ਦੀ ਰੋਟੀ ਨਾਲ ਬੰਨ੍ਹ ਕੇ ਸ਼ਹਿਰ ਕੰਮ ਕਰਨ ਚਲਿਆ ਜਾਂਦਾ ਅਤੇ ਅਸੀਂ ਬਚੇ ਸਕੂਲ ਪੜ੍ਹਨ ਚਲੇ ਜਾਂਦੇ। ਜਦੋਂ ਅਸੀਂ ਸਕੂਲੋਂ ਪੜ੍ਹ ਕੇ ਆਉਂਦੇ ਤਾਂ ਸਾਡੀ ਮਾਂ ਸਾਡਾ ਹੱਥ ਮੂੰਹ ਧੁਆ ਕੇ ਸਾਨੂੰ ਲੰਗਰ ਛਕਾਉਂਦੀ। ਅਸੀਂ ਕੁਝ ਦੇਰ ਆਰਾਮ ਕਰਦੇ ਅਤੇ ਫਿਰ ਸਾਵਧਾਨ ਹੋ ਕੇ ਸਕੂਲ ਦਾ ਕੰਮ ਕਰਦੇ। ਸਾਡੀ ਮਾਂ ਸਾਡੇ ਕੋਲ ਬੈਠੀ ਚਰਖਾ ਕੱਤਦੀ



Namdhari Elibrary NamdhariElibrary@gmail.com

ਰਹਿੰਦੀ। ਸੂਤ ਅਟੇਰਦੀ ਜਾਂ ਕੋਈ ਹੋਰ ਸੀਣ ਪਰੋਣ ਦਾ ਕੰਮ ਕਰਦੀ ਰਹਿੰਦੀ। ਕੰਮ ਕਾਰ ਕਰਦੀ ਜਾਂ ਉਹ ਪਾਠ ਕਰਦੀ ਰਹਿੰਦੀ ਜਾਂ ਸ਼ਬਦ ਪੜ੍ਹਦੀ ਰਹਿੰਦੀ, ਕਦੇ ਕਦੇ ਉਹ ਕੋਈ ਪੁਸਤਕ ਵੀ ਪੜ੍ਹਦੀ ਦੇਖੀ ਜਾਂਦੀ।

ਲੌਢੇ ਵੇਲੇ (ਸ਼ਾਮ) ਅਸੀਂ ਬਾਹਰ ਖੇਡਣ ਜਾਂਦੇ ਅਤੇ ਸਾਡੀ ਮਾਂ ਮੱਝ ਲਈ ਵੰਡ ਵੜੇਵਾਂ ਕੁਟ ਕੁਟਾਉਣ ਦੇ ਆਹਰ ਜੁਟ ਜਾਂਦੀ। ਸੂਰਜ ਛਿਪੇ ਤੋਂ ਬਾਅਦ ਅਸੀਂ ਖੇਡ ਕੇ ਘਰ ਆਉਂਦੇ, ਸਾਡੇ ਘਰ ਆਉਂਦਿਆਂ ਨੂੰ ਸਾਡਾ ਬਾਪੂ ਭੀ ਕਾਰਖਾਨੇ ਤੋਂ ਵਾਪਸ ਆਇਆ ਹੁੰਦਾ ਅਤੇ ਰਾਤ ਦੀ ਰੋਟੀ ਖਾ ਕੇ ਅਸੀਂ ਸਾਰੇ ਘਰ ਦੇ ਜੀਅ ਵੇਹੜੇ ਵਿਚ ਜਾਂ ਕਮਰੇ ਅੰਦਰ ਸਫ ਵਿਛਾ ਕੇ ਅਤੇ ਚੌਕੜੀਆਂ ਮਾਰ ਕੇ ਬਹਿ ਜਾਂਦੇ, ਕਦੇ ਮੇਰਾ ਬਾਪੂ ਅਤੇ ਕਦੇ ਮੇਰੀ ਮਾਂ ਰਹਿਰਾਸ ਸਾਹਿਬ ਦਾ ਪਾਠ ਕਰਦੀ ਅਤੇ ਬਾਕੀ ਸਾਰੇ ਧਿਆਨ ਨਾਲ ਪਾਠ ਸੁਣਦੇ। ਪਾਠ ਦੀ ਸਮਾਪਤੀ ਤੋਂ ਬਾਅਦ ਮੇਰਾ ਬਾਪੂ ਗਲ ਪੱਲਾ ਪਾ ਕੇ ਅਤੇ ਅੰਤਰ ਧਿਆਨ ਹੋ ਕੇ ਅਰਦਾਸ ਕਰਦਾ ਅਤੇ ਸਿਖੀ ਸਿਦਕ ਅਰ ਨਾਮ ਦੀ ਜਾਚਨਾ ਕਰਕੇ ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਮੰਗਦਾ। ਅਰਦਾਸ ਹੋਣ ਤੇ ਮੈਂ ਜਾਂ ਮੇਰੀ ਭੈਣ ਇਕ ਦੂਜੇ ਤੋਂ ਮੂਹਰੇ ਹੋ ਕੇ *ਉਚੀ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ"ਦਾ ਜੈਕਾਰਾ ਗਜਾਉਂਦੇ ਘਰ ਨੂੰ ਕੁੰਡੇ ਜਿੰਦੇ ਲਾ ਕੇ ਅਸੀਂ ਸਾਰੇ ਜੀਅ ਗੁਰਦੁਆਰੇ ਚਲੇ ਜਾਂਦੇ ਅਤੇ ਸਾਧ ਸੰਗਤ ਵਿਚ ਬੈਠ ਕੇ ਕਥਾ, ਕੀਰਤਨ, ਪਾਠ, ਵਿਖਿਆਨ ਆਦਿ ਸੁਣਦੇ। ਭੋਗ ਪਏ ਤੇ ਘਰ ਵਾਪਸ ਆਉਂਦੇ। ਮੇਰਾ ਬਾਪੂ ਜਾਂ ਮਾਂ ਸੋਹਿਲੇ ਦਾ ਪਾਠ ਕਰਦਾ ਅਤੇ ਫਿਰ ਅਸੀਂ 'ਵਾਹੁ-ਗੁਰ' 'ਵਾਹ-ਗੁਰ' ਕਰਦੇ ਆਪੋ ਆਪਣੇ ਬਿਸਤਰਿਆਂ ਤੇ ਸੌਂ ਜਾਂਦੇ।

ਜਦੋਂ ਕੋਈ ਗੁਰਪੁਰਬ ਆਉਂਦਾ ਤਾਂ ਮੇਰੀ ਮਾਂ ਲੰਗਰ ਵਿਚ ਸੇਵਾ ਕਰਦੀ ਅਤੇ ਬਾਪੂ ਪਾਣੀ ਦੀ ਸੇਵਾ ਵਿਚ ਲਗ ਜਾਂਦਾ। ਅਸੀਂ ਭੀ ਭੈਣ ਭਰਾ ਆਪਣੇ ਮਾਂ ਪਿਉ ਨਾਲ ਕਿਸੇ ਨਾ ਕਿਸੇ ਸੇਵਾ ਵਿਚ ਜੁਟੇ ਰਹਿੰਦੇ, ਕਦੇ ਕਦਾਈਂ ਕਿਸੇ ਗੁਰਪੁਰਬ ਤੇ ਮੈਂ ਕਵਿਤਾ ਬੋਲਦਾ। ਇਕ ਵਾਰ ਮੈਨੂੰ ਰੁਪਿਆ ਰੁਪਿਆ ਕਰਕੇ ਚਾਰ ਰੁਪਏ ਇਨਾਮ ਦੇ ਮਿਲੇ। ਮੈਂ ਉਹ ਰੁਪਏ ਆਪਣੇ ਬੋਝੇ ਪਾਉਣ ਦੀ ਥਾਂ ਗੁਰੂ ਦੀ ਗੋਲਕ

---

* ਪਹਿਲਾਂ ਫਤਹ ਗਜਾ ਕੇ



Namdhari Elibrary NamdhariElibrary@gmail.com

ਵਿਚ ਪਾ ਦਿਤੇ, ਕਿਉਂ ਜੋ ਸਾਡੇ ਮਾਪਿਆਂ ਨੇ ਸਾਨੂੰ ਸਮਝਾਇਆ ਹੋਇਆ ਸੀ ਕਿ ਪੂਜਾ ਦੇ ਧਾਨ ਤੇ ਝਾਕ ਨਹੀਂ ਰਖਣੀ ਚਾਹੀਦੀ ਸਗੋਂ ਧਰਮ ਦੀ ਕਿਰਤ ਕਰਕੇ ਖਾਣਾ ਚਾਹੀਦਾ ਹੈ।

ਦਿਨ ਬੀਤਦੇ ਗਏ, ਅਸੀਂ ਵਡੇ ਹੋ ਗਏ। ਮੇਰੀ ਭੈਣ ਵਿਆਹੀ ਗਈ ਅਤੇ ਉਹ ਸਹੁਰੇ ਘਰ ਚਲੀ ਗਈ, ਮੈਂ ਦਸਵੀਂ ਪਾਸ ਕਰਕੇ ਦਿਲੀ ਨੌਕਰੀ ਜਾ ਲਗਾ। ਕੁਝ ਦੇਰ ਬਾਦ ਮਾਪਿਆਂ ਨੇ ਮੇਰਾ ਵੀ ਵਿਆਹ ਕਰ ਦਿਤਾ, ਮੇਰੀ ਵਹੁਟੀ ਭੀ ਮੇਰੇ ਕੋਲ ਦਿੱਲੀ ਆ ਗਈ ਅਤੇ ਦੋ ਕੁ ਸਾਲ ਦੇ ਅੰਦਰ ਮੈਂ ਇਕ ਬਚੇ ਦਾ ਪਿਓ ਬਣ ਗਿਆ।

ਮੇਰੇ ਮਾਂ ਪਿਉ ਬੁਢੇ ਹੋ ਚੁਕੇ ਸਨ, ਮੇਰੀ ਮਾਂ ਤਾਂ ਨਿਰੀ ਦੇਵਤਾ ਹੀ ਸੀ, ਬੜਾ ਸੀਲ ਸੁਭਾ, ਜਦੋਂ ਕਿਸੇ ਨਾਲ ਗਲ ਕਰਦੀ ਤਾਂ ਉਸਦੇ ਮੂੰਹ ਵਿਚੋਂ ਮੋਤੀ ਕਿਰਦੇ, ਮੇਰੇ ਬਾਪੂ ਦਾ ਸੁਭਾ ਭੀ ਬਹੁਤ ਚੰਗਾ ਸੀ, ਅਸੀਂ ਕਦੇ ਵੀ ਆਪਣੇ ਮਾਂ ਪਿਉ ਨੂੰ ਆਪੋ ਵਿਚੀ ਉੱਚੀ ਬੋਲਦੇ ਜਾਂ ਲੜਦੇ ਝਗੜਦੇ ਨਹੀਂ ਸੀ ਦੇਖਿਆ ਸੁਣਿਆ, ਮੇਰਾ ਬਾਪੂ ਸਿੱਖੀ ਦੀ ਖਾਤਰ ਜਾਨ ਵਾਰਨ ਨੂੰ ਤਿਆਰ ਹੋ ਜਾਂਦਾ ਸੀ, ਜਦੋਂ ਨਨਕਾਣਾ ਸਾਹਿਬ ਦੇ ਗੁਰਦੁਆਰੇ ਨੂੰ ਅਜ਼ਾਦ ਕਰਾਉਣ ਵਾਸਤੇ ਮੋਰਚਾ ਲਗਾ ਤਾਂ ਮੇਰਾ ਬਾਪੂ ਅਰਦਾਸਾ ਸੋਧ ਕੇ ਪਹਿਲੇ ਜਥੇ ਵਿਚ ਜਾ ਸ਼ਾਮਲ ਹੋਇਆ।

ਮੇਰਾ ਬਾਪੂ ਸਚਿਆਰ ਸਿਖ ਅਤੇ ਹੁਕਮੀ ਬੰਦਾ ਸੀ। ਮੋਰਚੇ ਦਾ ਨਾਂ ਸੁਣਦੇ ਹੀ ਸਾਰੇ ਕੰਮ ਛਡ ਛਡਾ ਕੇ ਜਾ ਅਕਾਲ ਤਖਤ ਹਾਜ਼ਰ ਹੋਇਆ ਅਤੇ ਜਥੇ ਵਿਚ ਸ਼ਾਮਲ ਹੋ ਗਿਆ।

ਮੇਰਾ ਬਾਪੂ ਸ਼ਾਮ ਸਿੰਘ ਅਟਾਰੀ ਵਾਲੇ ਵਾਂਗ ਸਿਰ ਕੱਫਣ ਬੰਨ੍ਹ ਕੇ ਧਰਮ ਯੁਧ ਵਿਚ ਜੂਝਣ ਲਈ ਗਿਆ ਹੋਇਆ ਸੀ। ਜਥੇ ਦੇ ਨਨਕਾਣਾ ਸਾਹਿਬ ਗੁਰਦੁਆਰੇ ਅੰਦਰ ਵੜਦਿਆਂ ਹੀ ਮਹੰਤ ਨਰੈਣ ਦਾਸ ਅਤੇ ਉਸਦੇ ਬੁਰਛਿਆਂ ਵਲੋਂ ਬੰਦੂਕਾਂ ਦੀਆਂ ਗੋਲੀਆਂ ਨਾਲ ਸੁਆਗਤ ਕੀਤਾ ਗਿਆ। ਮੇਰਾ ਬਾਪੂ ਭੀ ਬੁਰਛਿਆਂ ਦੇ ਜ਼ੁਲਮ ਦਾ ਸ਼ਿਕਾਰ ਹੋ ਗਿਆ। ਹਾਂ ਹਾਂ, ਉਹ ਸ਼ਹੀਦ ਹੋ ਗਿਆ ਉਸ ਦਾ ਸਿਰ ਧਰਮ ਅਰਥ ਲੇਖੇ ਲਗ ਗਿਆ।

ਆਪਣੇ ਬਾਪੂ ਅਤੇ ਹੋਰ ਸਿੰਘਾਂ ਦੇ ਸ਼ਹੀਦ ਹੋਣ ਦੀ ਖ਼ਬਰ ਮੈਂ ਅਖਬਾਰ ਵਿਚੋਂ ਪੜ੍ਹੀ ਅਤੇ ਪੜ੍ਹਦੇ ਹੀ ਪਿੰਡ ਨੂੰ ਭੱਜ ਗਿਆ। ਘਰ ਪੁਜ ਕੇ ਆਪਣੀ ਮਾਂ ਦੀ ਹਿੱਕ ਨਾਲ ਲਗ ਕੇ ਭੁਬੀਂ ਰੋ ਪਿਆ। ਮੇਰੀ ਮਾਂ ਮੈਨੂੰ ਬਹੁਤੇਰਾ ਚੁੱਪ



Namdhari Elibrary NamdhariElibrary@gmail.com

ਕਰਾਵੇ ਪਰ ਮੇਰੀਆਂ ਭੁੱਬਾਂ ਨਾ ਬੰਦ ਹੋਣ, ਹਿਜਕੀਆਂ ਲੈਂਦੇ ਨੇ ਹੀ ਮਾਂ ਨੂੰ ਦਸਿਆ ਕਿ ਬਾਪੂ ਜੀ ਸ਼ਹੀਦ ਹੋ ਗਏ ਹਨ। ਇਹ ਸੁਣਦੇ ਹੀ ਮੇਰੀ ਮਾਂ ਨੇ ਮੈਨੂੰ ਜ਼ੋਰ ਦੀ ਘੁਟ ਲਿਆ ਅਤੇ ਕਹਿਣ ਲੱਗੀ, 'ਪੁਤਰ ! ਫਿਰ ਤੂੰ ਰੋਨਾਂ ਕਿਉਂ ਏਂ ? ਤੇਰੇ ਬਾਪੂ ਜੀ ਦੇ ਧੰਨ ਭਾਗ ਹਨ ਜਿਨ੍ਹਾਂ ਨੂੰ ਸ਼ਹੀਦੀ ਪ੍ਰਾਪਤ ਹੋਈ।" ਬਿੰਦ ਕੁ ਅੱਖਾਂ ਮੀਟਣ ਤੋਂ ਬਾਦ ਫਿਰ ਬੋਲੀ, "ਦੇਖ ਬੱਚਾ ! ਰੋਈਦਾ ਨਹੀਂ। ਰੋਣ ਨਾਲ ਸ਼ਹੀਦ ਦੀ ਆਤਮਾ ਨੂੰ ਦੁਖ ਪਹੁੰਚਦਾ ਹੈ। ਜਿਸ ਦਾ ਸਿਰ ਧਰਮ ਅਰਥ ਲਗ ਗਿਆ ਉਸ ਨੂੰ ਕਿਉਂ ਰੋਣਾ ਹੋਇਆ ? ਸਗੋਂ ਸਤਿਗੁਰੂ ਦਾ ਸ਼ੁਕਰ ਕਰਨਾ ਚਾਹੀਦਾ ਹੈ ਜਿਸ ਨੇ ਆਪਣੀ ਪਿਆਰੀ ਸਿੱਖੀ ਦੀ ਖਾਤਰ ਕੁਰਬਾਨੀ ਦੇਣ ਦਾ ਮੌਕਾ ਬਖਸ਼ਿਆ।"

ਮੇਰੀ ਮਾਂ ਨੇ ਮੇਰਾ ਹੱਥ ਮੂੰਹ ਧੁਆਇਆ ਅਤੇ ਮੈਨੂੰ ਨਾਲ ਖਿਲ੍ਹਾਰ ਕੇ ਅਰਦਾਸ ਕਰਨ ਲੱਗ ਪਈ :

"ਵਾਹ-ਗੁਰ ਜੀਓ !

ਆਪ ਜਾਣੈ ਕਰੇ ਆਪਿ, ਆਪੇ ਜਾਣੈ ਰਾਸਿ।
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸ ॥

(ਸਲੋਕ ਮ: ੨)

ਤੂ ਠਾਕੁਰੁ ਤੁਮ ਪਹਿ ਅਰਦਾਸਿ। ਜੀਉ ਪਿੰਡੁ ਸਭੁ ਤੇਰੀ ਰਾਸਿ।
ਤੁਮ ਮਾਤ ਪਿਤਾ ਹਮ ਬਾਰਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।
ਕੋਇ ਨ ਜਾਨੈ ਤੁਮਰਾ ਅੰਤ। ਊਚੇ ਤੇ ਊਚਾ ਭਗਵੰਤ।
ਸਗਲ ਸਮਗਰੀ ਤੁਮਰੈ ਸੂਤ੍ਰਿ ਧਾਰੀ। ਤੁਮ ਤੇ ਹੋਇ ਸੁ ਆਗਿਆਕਾਰੀ।
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ। ਨਾਨਕ ਦਾਸ ਸਦਾ ਕੁਰਬਾਨੀ।

(ਗਉੜੀ ਸੁਖਮਨੀ ਮ: ੫)

ੴ ਵਾਹਿਗੁਰੂ ਜੀ ਕੀ ਫ਼ਤਹ ॥

ਪ੍ਰਿਥਮ ਸਤਿਨਾਮ ਸਿਮਰਕੇ, ਦਸੋਂ ਪਾਤਸ਼ਾਹਾਂ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ।

ਦਸਾਂ ਗੁਰੂ ਸਾਹਿਬਾਂ ਦੀ ਪਵਿਤਰ ਕਰਣੀ ਕਮਾਈ ਦਾ ਧਿਆਨ ਧਰ ਕੇ



Namdhari Elibrary NamdhariElibrary@gmail.com

ਖਾਲਸਾ ਸਾਹਿਬ ਬੋਲੋ ਜੀ ਵਾਹਗੁਰ।

ਪੰਜਾਂ ਪਿਆਰਿਆ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆ, ਸਿਦਕੀ ਸਿੰਘਾਂ, ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਗੁਰੂ।

ਜਿਨ੍ਹਾਂ ਗੁਰਮੁਖਾਂ ਨਾਮ ਜਪਿਆ, ਵੰਡ ਛਕਿਆ, ਦੇਖ ਕੇ ਅਣਡਿਠ ਕੀਤਾ, ਸੰਸਾਰਕ ਸੁਖਾਂ ਨੂੰ ਪਿੱਠ ਦੇ ਕੇ ਧਰਮ ਦੀ ਖਾਤਰ ਮਹਾਨ ਕਸ਼ਟ ਸਹਾਰੇ, ਦੇਗ ਚਲਾਈ, ਤੇਗ ਵਾਹੀ, ਸਿਰਾਂ ਦੀਆਂ ਖੋਪਰੀਆਂ ਉਤਰਵਾਈਆਂ, ਬੰਦ ਬੰਦ ਕਟਵਾਏ, ਖਾਲਸਾ ਧਰਮ ਕੇਸਾਂ ਸਵਾਸਾਂ ਨਾਲ ਨਿਭਾਇਆ. ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਸਾਹਿਬ ਬੋਲੋ ਜੀ ਵਾਹੁਗੁਰ।

ਜਿਨ੍ਹਾਂ ਮਾਤਾਵਾਂ ਭੈਣਾਂ ਨੇ ਧਰਮ ਦੀ ਖਾਤਰ ਜੇਲ੍ਹਾਂ ਕੱਟੀਆਂ। ਸਵਾ ਸਵਾ ਮਣ ਪੀਸਣ ਪੀਸੇ। ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ, ਝੋਲੀਆਂ ਵਿਚ ਪੁਆ, ਨੇਜ਼ਿਆਂ ਤੇ ਟੰਗਵਾ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ ਅਤੇ ਤੇਰੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਸਾਹਿਬ ਬੋਲੋ ਜੀ ਵਾਹੁਗੁਰ।

ਸਮੂਹ ਗੁਰਦਵਾਰਿਆਂ ਤੇ ਤਖ਼ਤ ਸਾਹਿਬਾਂ ਸਬੰਧੀ ਘਾਲਣਾ ਦਾ ਧਿਆਨ ਧਰਕੇ ਖਾਲਸਾ ਜੀ ਸਾਹਿਬ ਬੋਲੋ ਜੀ ਵਾਹੁਗੁਰ।

ਹੇ ਅਕਾਲ ਪੁਰਖ ! ਕਰਨ ਕਾਰਨ, ਪਤਿਤ ਪਾਵਨ, ਦੀਨ ਦਿਆਲ ਜੀਓ। ਆਪ ਜੀ ਨੇ ਆਪਣੇ ਸਿੰਘਾਂ ਨੂੰ ਆਪਣੇ ਭਾਣੇ ਅਨੁਸਾਰ ਸ਼ਹੀਦੀ ਬਖਸ਼ੀ ਹੈ, ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ। ਦਾਤਾਰ ਪਿਤਾ ਜੀਓ ਸ਼ਹੀਦ ਆਤਮਾਵਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣਾ ਅਤੇ ਸੰਗਤਾਂ ਨੂੰ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਦੀ ਸੁਮੱਤ ਦੇਣੀ ਅਤੇ ਆਪਣੇ ਭਾਣੇ ਵਿਚ ਰਹਿਣ ਦਾ ਬਲ ਬਖਸ਼ਣਾ।

ਦਾਤਾਰ ਪਿਤਾ ਜੀਓ ! ਆਪ ਆਪਣੇ ਖਾਲਸੇ ਦੇ ਸਦਾ ਅੰਗ ਸੰਗ ਸਹਾਈ ਹੋਵੋ, ਆਪ ਜੀ ਦੇ ਖਾਲਸੇ ਦੇ ਬੋਲ ਬਾਲੇ ਹੋਵਣ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਬਹੇ, ਸਵਾਸ ਸਵਾਸ ਨਾਮ ਚਿਤ ਆਵੇ। ਚੜ੍ਹਦੀ ਹੋਵੇ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

ਵਾਹੁਗੁਰ ਜੀ ਕਾ ਖਾਲਸਾ।
ਵਾਹੁਗੁਰ ਜੀ ਕੀ ਫ਼ਤਹ।



Namdhari Elibrary NamdhariElibrary@gmail.com

ਮੱਥਾ ਟੇਕ ਕੇ ਮੇਰੀ ਮਾਂ ਮੈਨੂੰ ਗੁਰਦੁਆਰੇ ਲੈ ਗਈ। ਜਿਸ ਨੂੰ ਭੀ ਮੇਰੇ ਬਾਪੂ ਦੇ ਸ਼ਹੀਦ ਹੋਣ ਦਾ ਪਤਾ ਲਗਿਆ ਉਹ ਸੁਣਦੇ ਸਾਰ ਹੀ ਗੁਰਦੁਆਰੇ ਪੁਜ ਗਿਆ। ਸੰਗਤਾਂ ਦੇ ਆ ਚੜ੍ਹਨ ਨਾਲ ਕਿਸੇ ਢੋਲਕੀ ਚੁਕ ਲਈ ਅਤੇ ਕਿਸੇ ਛੈਣੇ, ਕੀਰਤਨ ਹੋਣ ਲਗ ਪਿਆ। ਸਾਰਾ ਦਿਨ ਕੀਰਤਨ ਹੁੰਦਾ ਰਿਹਾ। ਸੰਗਤਾਂ ਨੇ ਬੜੇ ਬੈਰਾਗ ਅਤੇ ਸਿੱਖੀ ਸਿਦਕ ਵਾਲੇ ਸ਼ਬਦ ਪੜ੍ਹੇ।

ਉਸੇ ਹੀ ਦਿਨ ਮੇਰੇ ਬਾਪੂ ਜੀ ਅਤੇ ਹੋਰ ਸ਼ਹੀਦ ਹੋਏ ਸਿੰਘਾਂ ਨਮਿਤ ਗੁਰਦੁਆਰਾ ਸਾਹਿਬ ਵਿਖੇ ਧੁਰ-ਕੀ-ਬਾਣੀ ਦਾ ਅਖੰਡ ਪਾਠ ਆਰੰਭ ਕਰ ਦਿੱਤਾ ਗਿਆ, ਪਿੰਡ ਅਤੇ ਆਲੇ ਦੁਆਲੇ ਦੇ ਪਾਠੀ ਸਿੰਘਾਂ ਨੇ ਪਾਠ ਕਰਨ ਦੀ ਸੇਵਾ ਨਿਬਾਹੀ। ਮੇਰੀ ਮਾਂ ਸਮਾਧੀ ਲਾਈ ਅਖੰਡ ਪਾਠ ਸੁਣਦੀ ਰਹੀ, ਤੀਜੇ ਦਿਨ ਭੋਗ ਪਿਆ, ਦੂਰੋਂ ਨੇੜਿਉਂ ਸੰਗਤਾਂ ਆਣ ਜੁੜੀਆਂ. ਚੜ੍ਹਦੀ ਕਲਾ ਵਿਚ ਖੂਬ ਕੀਰਤਨ ਹੋਏ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

"ਗੁਰ ਸਿੱਖਾਂ ਇੱਕੋ ਪਿਆਰ,
ਗੁਰ ਮਿੱਤਾਂ ਪੁੱਤਾਂ ਭਾਈਆ"

ਵਾਲਾ ਪ੍ਰਤੱਖ ਨਜ਼ਾਰਾ ਦਿਸ ਰਿਹਾ ਸੀ, ਹਰ ਕਿਸੀ ਨੇ ਇਕ ਦੂਜੇ ਤੋਂ ਵੱਧ ਚੜ੍ਹ ਕੇ ਸੇਵਾ ਕੀਤੀ ਅਤੇ ਹਰ ਕੋਈ ਇਉਂ ਮਹਿਸੂਸ ਕਰਦਾ ਸੀ ਜਿਵੇਂ ਕਿ ਉਸ ਦੇ ਆਪਣੇ ਘਰ ਦਾ ਜੀਂਦਾ ਸ਼ਹੀਦ ਹੋ ਗਿਆ ਸੀ।

ਲੌਢੇ ਵੇਲੇ ਭੋਗ ਪਿਆ, ਨਗਰ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਮੇਰੀ ਮਾਂ ਨੂੰ ਸਿਰੋਪਾ ਦਿਤਾ ਗਿਆ। ਮੇਰੀ ਮਾਂ ਸ਼ੁਕਰ ਸ਼ੁਕਰ, ਗੁਰੂ ਗੁਰੂ ਕਰਦੀ ਰਾਤ ਨੂੰ ਘਰ ਆਈ। ਅਗਲੇ ਭਲਕ ਅਸੀਂ ਅੰਮ੍ਰਿਤਸਰ ਨੂੰ ਤੁਰ ਪਏ। ਅਕਾਲ ਤਖਤੋਂ ਸਿਰੋਪੇ ਦੁਆਰਾ ਮੇਰੀ ਮਾਂ ਨੂੰ ਨਿਵਾਜਿਆ ਗਿਆ, ਦਰਸ਼ਨ ਇਸ਼ਨਾਨ ਕਰਕੇ ਅਸੀਂ ਪਿੰਡ ਪੁਜ ਗਏ।

ਮੇਰੀ ਮਾਂ ਹੁਣ ਵਧੇਰੇ ਕਰਕੇ ਸਮਾਧੀ ਲਗਾਕੇ ਹੀ ਬੈਠੀ ਰਹਿੰਦੀ ਅਤੇ ਵਧੇਰੀ ਗੱਲ ਬਾਤ ਨਾ ਕਰਦੀ, ਇਕ ਦਿਨ ਤਿਰਕਾਲਾਂ ਨੂੰ ਮੈਨੂੰ ਕਹਿਣ ਲੱਗੀ ਕਿ ਪੁੱਤਰ ਭਲਕੇ ਕਿਧਰੇ ਬਾਹਰ ਨਾ ਜਾਈਂ, ਘਰੇ ਹੀ ਰਹੀਂ। ਮੈਂ ਸਮਝਿਆ ਕਿ ਘਰ ਕੋਈ ਕੰਮ ਹੋਵੇਗਾ।

ਮੇਰੀ ਮਾਂ ਨੇ ਬੜੇ ਤੜਕੇ ਉਠ ਕੇ ਇਸ਼ਨਾਨ ਕੀਤਾ, ਸਮਾਧੀ ਤੋਂ ਬਾਦ ਨਿੱਤਨੇਮ ਦਾ ਪਾਠ ਕੀਤਾ, ਸਾਨੂੰ ਸਾਰੇ ਪ੍ਰਵਾਰ ਦੇ ਜੀਆਂ ਨੂੰ ਕੋਲ ਬਿਠਾ ਲਿਆ



Namdhari Elibrary NamdhariElibrary@gmail.com

ਅਤੇ ਕਿਹਾ ਕਿ ਬੱਚਿਓ ਸੁਣੋ ਸ੍ਰੀ ਸੁਖਮਨੀ ਸਾਹਿਬ ਦਾ ਪਾਠ। ਚੌਂਕੜਾ ਮਾਰ ਕੇ ਮੇਰੀ ਮਾਂ ਪਾਠ ਸੁਣਾਉਣ ਲੱਗ ਪਈ ਅਤੇ ਅਸੀਂ ਸਾਰੇ ਸੁਣਦੇ ਰਹੇ, ਜਿਉਂ ਪਾਠ ਅਗਾਂਹ ਚਲਦਾ ਗਿਆ ਮੇਰੀ ਮਾਂ ਦੇ ਚਿਹਰੇ ਤੇ ਲਾਲੀ ਵਧਦੀ ਗਈ। ਪਾਠ ਦੀਆਂ ਇਹ ਪਿਛਲੀਆਂ ਪੰਗਤੀਆਂ ਉਸ ਨੇ ਇਕ ਅਜੀਬ ਜਿਹੇ ਲਹਿਜੇ ਵਿਚ ਪੜ੍ਹੀਆਂ—

ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ,
ਏਕੁ ਨਾਮੁ ਮਨ ਮਾਹਿ ਸਮਾਨੀ,
ਦੂਖ ਰੋਗ ਬਿਨਸੇ ਭੈ ਭਰਮ,
ਸਾਧ ਨਾਮ ਨਿਰਮਲ ਤਾ ਕੇ ਕਰਮ,
ਸਭ ਤੇ ਊਚ ਤਾ ਕੀ ਸੋਭਾ ਬਨੀ,
ਨਾਨਕ ਇਹ ਗੁਣਿ ਨਾਮੁ ਸੁਖਮਨੀ,

ਇਸ ਤੋਂ ਉਪਰੰਤ ਮੇਰੀ ਮਾਂ ਨੇ ਦੋਵੇਂ ਹੱਥ ਜੋੜ ਅਤੇ ਸੀਸ ਨਿਵਾ ਕੇ "ਵਾਹੁਗੁਰ ਜੀ ਕਾ ਖਾਲਸਾ, ਵਾਹੁਗੁਰ ਜੀ ਕੀ ਫਤਹ" ਬੁਲਾਈ। ਉਸਦੇ ਹੱਥ ਜੁੜੇ ਅਤੇ ਸੀਸ ਝੁਕਿਆ ਹੀ ਰਹਿ ਗਿਆ। ਅਸੀਂ ਉਸ ਵੱਲ ਵੇਖਦੇ ਹੀ ਰਹਿ ਗਏ ਪਰ ਉਹ ਮੁੜ ਨਾ ਬੋਲੀ। ਇਸ ਸਮੇਂ ਸਾਡੇ ਕੰਨਾਂ ਵਿਚ ਹੇਠ ਲਿਖੇ ਸ਼ਬਦ ਦੀ ਗੂੰਜ ਪਈ :—

ਮਾਨ ਮੋਹ ਅਰੁ ਲੋਭ ਵਿਕਾਰਾ,
ਬੀਓ ਚੀਤਿ ਨ ਘਾਲਿਓ।
ਨਾਮ ਰਤਨੁ ਗੁਣਾ ਹਰਿ ਬਣਜੇ,
ਲਾਦਿ ਵਖਰੁ ਲੈ ਚਾਲਿਓ ॥ ੧ ॥
ਸੇਵਕ ਕੀ ਓੜਕ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ,
ਤਿਸ ਤੇ ਮੁਖੁ ਨਹੀਂ ਮੋਰਿਓ।
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰ,
ਉਠਿ ਉਆਹੂ ਕਉ ਦਉਰਿਓ ॥ ੨ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ,



Namdhari Elibrary NamdhariElibrary@gmail.com

ਸੰਗ ਹਰਖ ਨਹੀਂ ਜਾਨਿਉ ॥
ਸੋ ਜੋ ਹੁਕਮੁ ਭਇਓ ਸਾਹਿਬੁ ਕਾ,
ਸੋ ਮਾਥੇ ਲੇ ਮਾਨਿਓ ॥ ੩ ॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ,
ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ,
ਜਿਨਿ ਨਾਨਕ ਖਸਮੁ ਪਛਾਤਾ ॥ ੪ ॥
(ਮਾਰੂ ਮ: ੫)



Namdhari Elibrary NamdhariElibrary@gmail.com

# ੧੨

## ਪ੍ਰਭ ਮੋਹਿ ਕਬ ਗਲਿ ਲਾਵਹਿਗੇ...?

ਇਕ ਦਿਨ ਪਰਮਜੀਤ ਦਾ ਪਿਓ ਲੌਢੇ ਵੇਲੇ ਹੀ ਘਰ ਆ ਗਿਆ। ਪਰਮਜੀਤ "ਗੁਰਮਤਿ ਆਦਰਸ਼ ਜੀਵਨ" ਨਾਮੀ ਪੁਸਤਕ ਪੜ੍ਹ ਰਹੀ ਸੀ ਜਿਸ ਦੇ ਟਾਈਟਲ ਕਵਰ ਤੇ ਬੇਬੇ ਚਰਨ ਕੌਰ ਦੀ ਤਸਵੀਰ ਛਪੀ ਹੋਈ ਸੀ। ਕਿਤਾਬ ਤੇ ਦਸਤਾਰ ਵਾਲੀ ਤਿਆਰ ਬਰ ਤਿਆਰ ਸਿੰਘਣੀ ਦੀ ਫ਼ੋਟੋ ਦੇਖ ਕੇ ਪਰਮਜੀਤ ਦਾ ਪਿਓ ਭੜਕ ਉਠਿਆ ਅਤੇ ਇਉਂ ਬੋਲਿਆ, "ਜੇ ਤੁਸੀਂ ਭਾਈਪੁਣੇ ਦੀਆਂ ਹੀ ਕਿਤਾਬਾਂ ਪੜ੍ਹਨੀਆਂ ਹਨ ਤਾਂ ਸਕੂਲੇ ਜਾਣਾ ਛੱਡ ਦਿਉ ਅਤੇ ਗੁਰਦੁਆਰਾ ਖੋਲ੍ਹ ਲਓ। ਸਾਨੂੰ ਕੀ ਲੋੜ ਹੈ ਸਕੂਲ ਦੀਆਂ ਫੀਸਾਂ ਭਰਨ ਦੀ...ਸਕੂਲ ਦੀਆਂ ਕਿਤਾਬਾਂ ਪੜ੍ਹਨ ਦੀ ਤਾਂ ਤੁਹਾਨੂੰ ਲੋੜ ਹੀ ਨਹੀਂ। ਹਰ ਵੇਲੇ ਏਹੋ ਜਿਹੀਆਂ ਹੀ ਕਿਤਾਬਾਂ ਪੜ੍ਹਦੀਆਂ ਰਿਹਾ ਕਰੋ...। ਆਈਆਂ ਨੇ ਵੱਡੀਆਂ ਗਿਆਨਣਾਂ ਜਿਵੇਂ ਇਨ੍ਹਾਂ ਨੇ ਹੀ ਸਵਰਗ ਵਿਚ ਜਾਣਾ ਹੈ, ਹੋਰਨਾਂ ਨੇ ਤਾਂ ਨਰਕ ਵਿਚ ਹੀ ਜਾਣਾ ਹੋਵੇ...।" ਇਸ ਤਰ੍ਹਾਂ ਬੋਲਦਾ ਹੋਇਆ ਉਹ ਅਗਾਂਹ ਕਮਰੇ ਵਿਚ ਲੰਘ ਗਿਆ। ਪਰਮਜੀਤ ਡਰ ਕੇ ਇਕ ਦਮ ਰਸੋਈ ਵਿਚ ਜਾ ਵੜੀ ਅਤੇ ਪੁਸਤਕ ਠੱਪ ਕੇ ਅਲਮਾਰੀ ਵਿਚ ਰੱਖ ਦਿਤੀ।

ਲਛਮਣ ਸਿੰਘ ਦੇ ਬੇਮੌਕੇ ਘਰ ਆ ਜਾਣ ਨਾਲ ਘਰ ਦੇ ਸਾਰੇ ਜੀਅ ਠਠੰਬਰ ਗਏ ਅਤੇ ਆਸੇ ਪਾਸੇ ਹੋ ਗਏ।

ਲਛਮਣ ਸਿੰਘ ਹਰ ਰੋਜ਼ ਰਾਤ ਨੂੰ ਦਸ ਗਿਆਰਾਂ ਵਜੇ ਸ਼ਰਾਬ ਵਿਚ ਗੁਟ ਹੋ ਕੇ ਡਿਗਦਾ ਢਹਿੰਦਾ ਘਰ ਵੜਦਾ। ਘਰ ਆ ਕੇ ਆਪਣੀ ਘਰ ਵਾਲੀ ਅਤੇ ਨਿੱਕਿਆਂ ਨਿਆਣਿਆਂ ਨੂੰ ਬੁਰਾ ਭਲਾ ਕਹਿੰਦਾ ਕਹਿੰਦਾ ਸੌਂ ਜਾਂਦਾ। ਰਾਤ ਦਾ



Namdhari Elibrary NamdhariElibrary@gmail.com

ਖਾਣਾ ਉਹ ਬਾਹਰ ਹੀ ਹੋਟਲਾਂ ਤੇ ਖਾ ਕੇ ਆਉਂਦਾ। ਉਸ ਦੇ ਆਉਂਦੇ ਨੂੰ ਨਿਆਣੇ ਸੁੱਤੇ ਹੋਏ ਹੁੰਦੇ ਪਰ ਉਨ੍ਹਾਂ ਦੀ ਮਾਂ ਆਪਣੇ ਸ਼ਰਾਬੀ ਪਤੀ ਦੀ ਉਡੀਕ ਵਿਚ ਜਾਗਦੀ ਰਹਿੰਦੀ। ਜਦੋਂ ਕਿਸੇ ਦਿਨ ਉਸ ਨੂੰ ਊਂਘ ਆ ਜਾਂਦੀ ਅਤੇ ਕੁੰਡਾ ਖੋਹਲਣ ਵਿਚ ਦੇਰ ਹੋ ਜਾਂਦੀ ਤਾਂ ਲਛਮਣ ਸਿੰਘ ਗੰਦੀਆਂ ਗੰਦੀਆਂ ਗਾਲ੍ਹਾਂ ਕਢਦਾ ਹੀ ਅੰਦਰ ਵੜਦਾ। ਅੰਦਰ ਵੜਦਿਆਂ ਹੀ ਉਹ ਆਪਣੇ ਘਰ ਵਾਲੀ ਦੇ ਦੋ ਚਾਰ ਠੋਕ ਕੇ ਆਪਣਾ ਅਫਾਰਾ ਲਾਹੁੰਦਾ, ਉਸ ਦੀ ਘਰ ਵਾਲੀ ਗੁਲਾਮਾਂ ਵਾਂਗ ਆਪਣੇ ਪਤੀ ਦੇ ਜ਼ੁਲਮ ਨੂੰ ਸਹੀ ਜਾਂਦੀ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ।

ਲਛਮਣ ਸਿੰਘ ਦੇ ਬੱਚੇ ਉਸ ਕੋਲੋਂ ਇਉਂ ਡਰਦੇ ਜਿਉਂ ਬਿੱਲੀ ਕੋਲੋਂ ਚੂਹੇ, ਉਹਦੇ ਘਰ ਹੁੰਦਿਆਂ, ਉਹ ਰਤੀ ਭਰ ਵੀ ਨਾ ਕੁਸਕਦੇ, ਉਹ ਜਾਗਦੇ ਹੀ ਸੌਂ ਜਾਂਦੇ, ਸਹਿਜੇ ਕੀਤੇ ਕੋਈ ਪਿਓ ਦੇ ਸਾਹਮਣੇ ਨਾ ਹੁੰਦਾ। ਉਨ੍ਹਾਂ ਦੀ ਮਾਂ ਆਪਣੇ ਬੱਚਿਆਂ ਦੀ ਥਾਂ ਲਛਮਣ ਸਿੰਘ ਦੇ ਜ਼ੁਲਮ ਨੂੰ ਆਪਣੀ ਜਾਨ ਤੇ ਝਲਦੀ ਅਤੇ ਪ੍ਰਮਾਤਮਾ ਦੇ ਭਾਣੇ ਵਿਚ ਰਹਿੰਦੀ।

ਕੁੜੀਆਂ ਲਛਮਣ ਸਿੰਘ ਨੂੰ ਵਿਹੁ ਦਿਖਾਈ ਦਿੰਦੀਆਂ ਜੇ ਕਦੇ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਉਹ ਆਪਣੇ ਛੋਟੇ ਪੁਤਰ ਨੂੰ ਕਹਿ ਦਿੰਦਾ ਜਾਂ ਫਿਰ ਵੱਡੀਆਂ ਵੱਡੀਆਂ ਗਾਲ੍ਹਾਂ ਦੁਆਰਾ ਆਪਣੀ ਘਰ ਵਾਲੀ ਨੂੰ ਕੂਦ ਕੂਦ ਪੈਂਦਾ। ਸਾਰਾ ਟੱਬਰ ਉਸ ਕੋਲੋਂ ਤ੍ਰਾਹ ਤ੍ਰਾਹ ਕੰਬਦਾ। ਜਦ ਉਹ ਘਰੋਂ ਬਾਹਰ ਚਲਿਆ ਜਾਂਦਾ ਤਾਂ ਬਾਕੀ ਜੀਆਂ ਨੂੰ ਸੁਖ ਦਾ ਸਾਹ ਆਉਂਦਾ।

ਲਛਮਣ ਸਿੰਘ ਦੁਕਾਨ ਦੀ ਸਾਰੀ ਕਮਾਈ ਸ਼ਰਾਬ ਮੂੰਹ ਉਡਾਈ ਜਾਂਦਾ। ਘਰ ਵਾਲੇ ਕਈ ਵੇਰ ਰੋਟੀ ਖਾਣ ਤੋਂ ਭੀ ਆਵਾਜ਼ਾਰ ਹੋ ਜਾਂਦੇ। ਉਸ ਦੀ ਘਰ ਵਾਲੀ ਅਤੇ ਦੋਵੇਂ ਧੀਆਂ ਸ਼ਾਲਾਂ ਦੀ ਕਢਾਈ ਕਰ ਕਰ ਅਤੇ ਕੋਟੀਆਂ ਜੁਰਾਬਾਂ ਸਿਉਂ ਸਿਉਂ ਕੇ ਘਰ ਦਾ ਗੁਜ਼ਾਰਾ ਚਲਾਉਂਦੀਆਂ, ਆਪਣੇ ਫਟੇ ਪੁਰਾਣੇ ਕਪੜਿਆਂ ਵਿਚ ਹੀ ਗੁਜ਼ਾਰਾ ਕਰਦੀਆਂ। ਸਾਰਾ ਸਿਆਲ ਫਟੀਆਂ ਪੁਰਾਣੀਆਂ ਚੁੰਨੀਆਂ ਨਾਲ ਹੀ ਲੰਘਾ ਲੈਂਦੀਆਂ। ਉਹ ਆਪਣੀ ਮਾਂ ਤੇ ਪਿਓ ਵਲੋਂ ਕੀਤੇ ਜ਼ੁਲਮ ਸਹਾਰ ਨਾ ਸਕਦੀਆਂ ਪਰ ਮਜਬੂਰ ਸਨ, ਕਰ ਭੀ ਕੀ ਸਕਦੀਆਂ ਸਨ। ਉਹ ਕਿਹੜੀਆਂ ਮੁੰਡੇ ਸਨ, ਉਨ੍ਹਾਂ ਦਾ ਇਕੋ ਇਕ ਭਰਾ, ਉਨ੍ਹਾ ਦੇ ਘਰ ਦੀ ਆਸ, ਹਾਲੇ ਬੱਚਾ ਸੀ, ਪੰਜ ਛੇ ਸਾਲ ਦਾ ਬਾਲ।

ਪਰਮਜੀਤ ਸਭ ਤੋਂ ਵੱਡੀ ਸੀ। ਜਦ ਉਸ ਦੇ ਦਿਲ ਦਾ ਭਾਰ ਵੱਧ ਜਾਂਦਾ



Namdhari Elibrary NamdhariElibrary@gmail.com

ਤਾਂ ਉਹ ਆਪਣੇ ਦਿਲ ਦੀ ਭਾਫ ਆਪਣੀ ਸਹੇਲੀ ਕੋਲ ਕਢ ਲੈਂਦੀ, ਜਦੋਂ ਕਦੇ ਉਹ ਘਰ ਦੇ ਦੁੱਖ ਫੋਲਣ ਲਗਦੀ ਤਾਂ ਕਿੰਨੀ ਕਿੰਨੀ ਦੇਰ ਉਹ ਰੋਂਦੀ ਹੀ ਰਹਿੰਦੀ। ਉਸ ਦੀ ਸਹੇਲੀ ਉਸ ਨੂੰ ਢਾਰਸ ਬਨ੍ਹਾਉਂਦੀ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮਿਠਾ ਕਰਕੇ ਮੰਨਣ ਦਾ ਉਪਦੇਸ਼ ਦਿੰਦੀ।

ਪਰਮਜੀਤ ਦੀ ਸਹੇਲੀ ਦਾ ਸਬੰਧ ਇਕ ਗੁਰੂ ਪਿਆਰੇ ਗੁਰਮੁਖ ਪ੍ਰਵਾਰ ਨਾਲ ਸੀ। ਉਹ ਦਸਤਾਰ ਸਜਾ ਕੇ ਰਖਦੀ ਅਤੇ ਕਦੇ ਕਦੇ ਗੁਰਦੁਆਰੇ ਕੀਰਤਨ ਭੀ ਕਰਦੀ, ਪਰਮਜੀਤ ਆਪਣੀ ਸਹੇਲੀ ਨੂੰ ਹਰ ਰੋਜ਼ ਸ਼ਾਮ ਨੂੰ ਗੁਰਦੁਆਰੇ ਆਕੇ ਕੀਰਤਨ ਕਰਨ ਦੀ ਫਰਮਾਇਸ਼ ਪਾਉਂਦੀ ਕਿਉਂ ਜੋ ਉਸ ਨੂੰ ਉਸ ਦੇ (ਆਪਣੀ ਸਹੇਲੀ ਦੇ) ਕੋਲੋਂ ਨਿਰੋਲ ਗੁਰਬਾਣੀ ਦਾ ਕੀਰਤਨ ਸੁਣ ਕੇ ਬਹੁਤ ਅਨੰਦ ਆਉਂਦਾ ਸੀ।

ਗੁਰੂ ਦੀ ਬਾਣੀ ਨੇ ਪਰਮਜੀਤ ਦੇ ਹਿਰਦੇ ਅੰਦਰ ਗਿਆਨ ਦੀ ਲੋ ਬਾਲ ਦਿਤੀ ਸੀ। ਹਰ ਰੋਜ਼ ਗੁਰਦੁਆਰੇ ਜਾਣ ਅਤੇ ਗੁਰਬਾਣੀ ਦਾ ਪਾਠ ਕੀਰਤਨ ਸੁਨਣ ਨਾਲ ਉਸ ਨੂੰ ਗੁਰੂ ਦੀ ਬਾਣੀ ਦੀ ਸਮਝ ਪੈਣ ਲਗ ਪਈ ਸੀ। ਹੁਣ ਤਕ ਉਹ ਆਪਣੇ ਆਪ ਨੂੰ ਨਿਗੁਰੀ ਹੀ ਸਮਝਦੀ ਸੀ। ਉਹ ਗੁਰੂ ਦੁਆਰਿਓਂ ਖੰਡੇ ਦੀ ਪਾਹੁਲ ਲੈ ਕੇ ਗੁਰੂ ਵਾਲੀ ਬਣਨਾ ਚਾਹੁੰਦੀ ਸੀ। ਗੁਰੂ ਦੀਖਿਆ ਲੈ ਕੇ ਨਾਮ ਜਪਣ ਦੀ ਸੱਚੀ ਰਾਹ ਲਗਣਾ ਚਾਹੁੰਦੀ ਸੀ। ਗੁਰ ਸਿੱਖਾਂ ਵਾਲੀ ਰਹਿਤ ਬਹਿਤ ਧਾਰਨ ਕਰਨਾ ਚਾਹੁੰਦੀ ਸੀ। ਆਪਣੀ ਸਹੇਲੀ ਵਾਂਗ ਗਾਤਰੇ ਕ੍ਰਿਪਾਨ ਪਾ ਕੇ ਸੀਸ ਤੇ ਦਸਤਾਰ ਸਜਾਉਣਾ ਚਾਹੁੰਦੀ ਸੀ। ਉਹ ਗੁਰਬਾਣੀ ਦਾ ਕੀਰਤਨ ਸਿੱਖਣ ਲਈ ਲੋਚਦੀ ਸੀ, ਗੁਰਸਿੱਖੀ ਜੀਵਨ ਲਈ ਤੜਫਦੀ ਸੀ। ਆਪਣੇ ਰਾਖਸ਼ ਪਿਓ ਦੇ ਰਾਜ ਵਿਚ ਉਸਨੂੰ ਆਪਣੀ ਲੋਚ ਪੂਰੀ ਹੁੰਦੀ ਨਜ਼ਰ ਨਹੀਂ ਸੀ ਆਉਂਦੀ। ਆਪਣੀ ਸਹੇਲੀ ਨਾਲ ਬਚਨ ਬਿਲਾਸ ਕਰਕੇ ਉਸ ਨੂੰ ਕੁਝ ਧਰਵਾਸ ਬੱਝਦਾ ਜਾਂ ਫਿਰ ਗੁਰੂ ਦੀ ਬਾਣੀ ਉਸ ਦੇ ਡੋਲਦੇ ਮਨ ਨੂੰ ਠੱਲ੍ਹ ਪਾਉਂਦੀ।

ਇਕ ਵੇਰ ਪਰਮਜੀਤ ਨੇ ਆਪਣੀ ਸਹੇਲੀ ਨੂੰ ਪੁੱਛਿਆ ਕਿ ਭੈਣ ਜੀ ਰੱਬ ਆਪਣੇ ਭਗਤਾਂ ਨੂੰ ਕਿਉਂ ਕਸ਼ਟ ਦਿੰਦਾ ਹੈ ? ਕਿਉਂ ਨਹੀਂ ਉਨ੍ਹਾਂ ਦੇ ਇਕ ਦਮ ਕਸ਼ਟ ਦੂਰ ਕਰ ਦਿੰਦਾ ? ਉਸ ਦੀ ਸਹੇਲੀ ਨੇ ਸਮਝਾਇਆ ਕਿ ਵਾਹਿਗੁਰ ਆਪ ... ਸੇਵਕਾਂ ਦੇ ਅੰਗ ਸੰਗ ਹੋ ਕੇ ਸਹਾਇਤਾ ਕਰਦਾ ਹੈ। ਉਹ ਦੁਖ ਦਿੰਦਾ ਨਹੀਂ ਸ... ਲੋਕਾਂ ਦੇ ਆਪੂੰ ਸਹੇੜੇ ਹੋਏ ਦੁਖ ਅਤੇ ਜੰਜਾਲ ਕਟਦਾ ਹੈ। ਦੁਖ ਤਾਂ ਸੁਖਾਂ ਲ...



Namdhari Elibrary NamdhariElibrary@gmail.com

ਦਾਰੂ ਹਨ, ਜਿਵੇਂ ਸੋਨਾ ਅੱਗ ਵਿਚ ਪਾਇਆਂ ਅੱਗ ਦੀ ਤਪਸ਼ ਸਹਿ ਕੇ ਕੁੰਦਨ ਹੋ ਜਾਂਦਾ ਹੈ ਤਿਵੇਂ ਹੀ ਦੁੱਖਾਂ ਦੀ ਭੱਠੀ ਵਿਚ ਪੈ ਕੇ ਬੰਦੇ ਦੇ ਦੁਖ ਭਸਮ (ਦੂਰ) ਹੋ ਜਾਂਦੇ ਹਨ ਅਤੇ ਸੁਖ ਚਮਕ (ਉਘੜ) ਪੈਂਦੇ ਹਨ।

ਪਰਮਜੀਤ ਦੀ ਸਹੇਲੀ ਉਸ ਨੂੰ ਨਿੱਤਨੇਮ ਵਿਚ ਪੱਕੀ ਰਹਿਣ ਅਤੇ ਅਰਦਾਸ ਕਰੀ ਜਾਣ ਲਈ ਪ੍ਰੇਰਨਾ ਦਿੰਦੀ ਰਹਿੰਦੀ। ਉਹ ਕਹਿੰਦੀ ਕਿ ਭੈਣ ਜੀ ਅਕਾਲ ਪੁਰਖ ਤੇ ਭਰੋਸਾ ਰਖੋ, ਅਰਦਾਸਾਂ ਕਰੀ ਜਾਓ ਕਿਸੇ ਨਾ ਕਿਸੇ ਦਿਨ ਤੁਹਾਡੀ ਜ਼ਰੂਰ ਸੁਣੀ ਜਾਵੇਗੀ, ਸਤਿਗੁਰੂ ਤੁਹਾਨੂੰ ਜ਼ਰੂਰ ਬਾਂਹ ਫੜ ਕੇ ਅੰਧ ਕੂਪ ਵਿਚੋਂ ਬਾਹਰ ਕਢੇਗਾ। ਉਹ ਬਹੁਤ ਦਿਆਲੂ ਹੈ, ਤੁਹਾਨੂੰ ਜ਼ਰੂਰ ਲੜ ਲਾਏਗਾ, ਤੁਹਾਡੇ ਤਪਦੇ ਹਿਰਦੇ ਨੂੰ ਅੰਮ੍ਰਿਤ ਜਲ ਦੁਆਰਾ ਜ਼ਰੂਰ ਠੰਢਿਆਂ ਕਰੇਗਾ ਕਿਸੇ ਨਾ ਕਿਸੇ ਦਿਨ ਉਸ ਦੀ ਜ਼ਰੂਰ ਬਖਸ਼ਸ਼ ਹੋਵੇਗੀ।

ਆਪਣੀ ਸਹੇਲੀ ਦੀਆਂ ਇਹੋ ਜਿਹੀਆਂ ਗੱਲਾਂ ਸੁਣਕੇ ਪਰਮਜੀਤ ਨੂੰ ਧਰਵਾਸ ਬੱਝ ਜਾਂਦਾ ਅਤੇ ਉਹ ਆਪਣਾ ਦਿਲ ਹੌਲਾ ਕਰ ਕੇ ਘਰ ਜਾਂਦੀ। ਪਿਓ ਦੇ ਘਰ ਆਉਣ ਤੇ ਉਸ ਦੀ ਸਾਰੀ ਸ਼ਾਂਤੀ ਕਿਰ ਜਾਂਦੀ ਅਤੇ ਉਹ ਮੁੜ ਹਉਕੇ ਭਰਨ ਲਗ ਜਾਂਦੀ।

ਜਿਸ ਦਿਨ ਲਛਮਣ ਸਿੰਘ ਨੇ ਪਰਮਜੀਤ ਨੂੰ ਗੁਰਮਤਿ ਲਿਟਰੇਚਰ ਪੜ੍ਹਨ ਬਾਬਤ ਬੁਰਾ ਭਲਾ ਕਿਹਾ, ਉਸ ਦਿਨ ਉਸਦਾ ਦਿਲ ਬਹੁਤ ਖਰਾਬ ਹੋਇਆ। ਕਿੰਨੀ ਰਾਤ ਉਸਨੂੰ ਨੀਂਦ ਨਾ ਆਈ। ਉਹ ਸੋਚਾਂ ਵਿਚ ਹੀ ਪਈ ਰਹੀ। ਉਹ ਬਾਰ ਬਾਰ ਸੋਚਦੀ ਕਿ ਉਨ੍ਹਾਂ ਦੀ ਬੰਦ ਖਲਾਸੀ ਕਦ ਹੋਵੇਗੀ। ਕਦ ਸਤਿਗੁਰੂ ਉਹਨਾਂ ਦੀ ਬਾਂਹ ਫੜ ਕੇ ਨਰਕ ਵਿਚੋਂ ਕਢੇਗਾ ਅਤੇ ਅੰਮ੍ਰਿਤ ਬੂੰਦ ਮੂੰਹ ਪਏਗਾ? ਅੱਧੀ ਕੁ ਰਾਤ ਤੋਂ ਬਾਅਦ ਉਸਦੀ ਅੱਖ ਲਗ ਗਈ। ਸੁੱਤੀ ਪਈ ਨੂੰ ਇਕ ਸੁਪਨਾ ਆਇਆ, ਉਸ ਨੇ ਦੇਖਿਆ ਕਿ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ ਜਿਸ ਵਿਚ ਬਹੁਤ ਸਾਰੇ ਲੋਕ ਹੜ੍ਹੇ ਜਾ ਰਹੇ ਹਨ। ਪਰਮਜੀਤ ਦੇ ਵੇਖਦੇ ਵੇਖਦੇ ਹੜ੍ਹ ਦੇ ਇਕ ਪਾਸਿਓਂ ਸ਼ਸਤਰਧਾਰੀ ਦਸਤਾਰਾਂ ਵਾਲੇ ਸਿੰਘ ਸਿੰਘਣੀਆਂ ਦਾ ਜੱਥਾ ਕੀਰਤਨ ਕਰਦਾ ਆ ਰਿਹਾ ਹੈ, ਉਸ ਜੱਥੇ ਵਿੱਚ ਪਰਮਜੀਤ ਦੀ ਸਹੇਲੀ ਅਤੇ ਉਨ੍ਹਾਂ ਦਾ ਪਰਵਾਰ ਵੀ ਸ਼ਾਮਲ ਹੈ, ਉਨ੍ਹਾਂ ਤੇ ਹੜ੍ਹ ਦਾ ਕੋਈ ਅਸਰ ਨਹੀਂ ਹੋ ਰਿਹਾ। ਪਰਮਜੀਤ ਵੀ ਉਸ ਜੱਥੇ ਨਾਲ ਰਲ ਗਈ। ਥੋਹੜੀ ਦੇਰ ਬਾਅਦ ਪਰਮਜੀਤ ਦੀ ਚੁੰਨੀ ਹੜ੍ਹ ਦੀ ਲਪੇਟ ਵਿੱਚ ਆ ਗਈ। ਉਸ ਦਾ ਸਿਰ ਨੰਗਾ ਵੇਖ ਕੇ ਉਸ ਦੀ ਸਹੇਲੀ ਨੇ ਝੱਟ



Namdhari Elibrary NamdhariElibrary@gmail.com

ਪੱਟ ਆਪਣੀ ਜੇਬ ਵਿੱਚੋਂ ਰੁਮਾਲ ਕੱਢ ਕੇ ਉਸ ਨੂੰ ਸਿਰ ਢਕਣ ਵਾਸਤੇ ਦੇ ਦਿਤਾ ਅਤੇ ਕਿਹਾ ਕਿ ਪਰਮਜੀਤ ਜੇ ਤੈਂ ਭੀ ਦਸਤਾਰ ਸਜਾਈ ਹੁੰਦੀ ਤਾਂ ਤੇਰਾ ਸਿਰ ਨੰਗਾ ਤੇ ਨਾ ਹੁੰਦਾ। ਪਰਮਜੀਤ ਦੀ ਅੱਖ ਖੁਲ੍ਹ ਗਈ ਅਤੇ ਉਸ ਦੇ ਦਿਮਾਗ ਵਿਚ ਆਪਣੀ ਸਹੇਲੀ ਦੇ ਸੁਪਨੇ ਵਾਲੇ ਸ਼ਬਦ, "ਜੇ ਤੈਂ ਭੀ ਦਸਤਾਰ ਸਜਾਈ ਹੋਈ ਹੁੰਦੀ ਤਾਂ ਤੇਰਾ ਸਿਰ ਨੰਗਾ ਤੇ ਨਾ ਹੁੰਦਾ" ਗੂੰਜਣ ਲਗ ਪਏ।

ਪਰਮਜੀਤ ਦੀ ਗੁਰਸਿਖੀ ਜੀਵਨ ਲਈ ਤੜਪ ਦਿਨੋ ਦਿਨ ਵਧਦੀ ਗਈ। ਗੁਰਦੁਆਰੇ ਜਾ ਕੇ ਉਹ ਚੌਂਕੜਾ ਮਾਰ ਅੱਖਾਂ ਬੰਦ ਕਰ ਸੁਰਤੀ ਨੂੰ ਸ਼ਬਦ ਨਾਲ ਜੋੜ ਲੈਂਦੀ ਅਤੇ ਘਰੇਲੂ ਦੁਖਾਂ ਨੂੰ ਭੁਲ ਕੇ ਗੁਰੂ ਦੀ ਬਾਣੀ ਦੇ ਕੀਰਤਨ ਦਾ ਰਸ ਮਾਣਦੀ। ਇਕ ਦਿਨ ਉਸ ਦੀ ਸਹੇਲੀ ਨੇ ਇਸ ਟੇਕ "ਪ੍ਰਭ ਮੋਹਿ ਕਬ ਗਲਿ ਲਾਵਹਿਗੇ' ਤੇ ਹੇਠ ਲਿਖੇ ਸ਼ਬਦ ਦਾ ਬੜੇ ਪ੍ਰੇਮ ਸਹਿਤ ਕੀਰਤਨ ਕੀਤਾ।

"ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਣ ਗਾਵਹਿਗੇ॥ ਹਉ ਤੁਮਰੀ ਕਰਉ ਨਿਤ ਆਸ, ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ ਰਹਾਉ ॥ ਹਮ ਬਾਰਿਕ ਮੁਗਧ ਇਆਨ, ਪਿਤਾ ਸਮਝਾਵਹਿਗੇ॥ ਸੁਤੁ ਖਿਨੁ ਭੂਲ ਬਿਗਾਰਿ, ਜਗਤ ਪਿਤਾ ਭਾਵਹਿਗੇ ॥੧॥ ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਿਗੇ॥ ਮੋਹਿ ਦੂਜੀ ਨਾਹੀ ਠਉਰ, ਜਿਸ ਪਹਿ ਹਮ ਜਾਵਹਿਗੇ ॥੨॥ ਜੋ ਹਰਿ ਭਾਵਹਿ ਭਗਤ, ਤਿਨਾ ਹਰਿ ਭਾਵਹਿਗੇ॥ ਜੋਤੀ ਜੋਤਿ ਮਿਲਾਇ, ਜੋਤਿ ਰਲਿ ਜਾਵਹਿਗੇ ॥੩॥ ਹਰਿ ਆਪੇ ਹੋਇ ਕ੍ਰਿਪਾਲ, ਆਪਿ ਲਿਵ ਲਾਵਹਿਗੇ। ਜਨ ਨਾਨਕ ਸਰਨਿ ਦੁਆਰਿ, ਹਰਿ ਲਾਜ ਰਖਾਵਹਿਗੇ ॥੪॥

(ਕਲਿਆਣ ਮ: ੪)

ਧੁਰ ਕੀ ਬਾਣੀ ਗੁਰਬਾਣੀ ਦੇ ਬਾਣ ਪਰਮਜੀਤ ਦੇ ਹਿਰਦੇ ਤੇ ਗਹਿਰਾ ਘਾਉ ਕਰ ਗਏ। ਉਹ ਭੀ ਨਾਲ ਨਾਲ ਸ਼ਬਦ ਬੋਲਣ ਲਗ ਪਈ, "ਪ੍ਰਭ ਮੋਹਿ ਕਬ ਗਲਿ ਲਾਵਹਿਗੇ" ਵਾਲੀ ਪੰਗਤੀ ਉਸ ਦੇ ਧੁਰ ਹਿਰਦੇ ਵਿਚੋਂ ਐਸੀ ਹੂਕ ਬਣ ਕੇ ਨਿਕਲੀ ਕਿ ਉਸ ਦੀਆਂ ਅੱਖਾਂ ਭਰ ਆਈਆਂ ਅਤੇ ਅੱਥਰੂ ਕਿਰਨ ਲਗ ਪਏ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਨੂੰ ਮੁਖ ਕਰ ਕੇ ਹੱਥ ਜੋੜੀ ਇਹ ਪੰਗਤੀ ਬੋਲ ਰਹੀ ਸੀ :

"ਪ੍ਰਭ ਮੋਹਿ ਕਬ ਗਲਿ ਲਾਵਹਿਗੇ ?"

—o—



Namdhari Elibrary NamdhariElibrary@gmail.com

## ੧੩

# ਰਹਿਤ ਪਿਆਰੀ ਮੋਹਿ ਕੋ

'ਬਾਹਰ ਜਾਕੇ ਬੈਠ। ਆ ਜਾਣਗੇ ਬਾਪੂ ਜੀ' ਮਾਇਆ ਦੇ ਮਦ ਵਿਚ ਜਗਤਾਰ ਸਿੰਘ ਗਰੀਬੜੇ ਸਿੰਘ ਨੂੰ ਇਉਂ ਬੋਲਿਆ। ਉਹ ਦਫਤਰ ਅੰਦਰ ਵੜਦਾ ਹੋਇਆ ਇਉਂ ਬੁੜਬੁੜਾਇਆ "ਜਣਾ ਖਣਾ ਮੂੰਹ ਚੁੱਕ ਕੇ ਤੁਰ ਆਉਂਦਾ ਬਾਪੂ ਜੀ ਨੂੰ ਮਿਲਣ ਜਿਵੇਂ ਬਾਪੂ ਜੀ ਨੇ ਮਹਿਲ ਇਨ੍ਹਾਂ ਵਾਸਤੇ ਹੀ ਪਾਏ ਹਨ।"

ਗੁਰੂ ਕਾ ਸਿੰਘ ਬਾਹਰ ਬੈਂਚ ਤੇ ਬੈਠ ਗਿਆ ਅਤੇ ਲੱਗਾ ਆਪਣੇ ਮਿੱਤਰ ਦੀ ਉਡੀਕ ਕਰਨ, ਚਪੜਾਸੀਆਂ ਦੀ ਤਰ੍ਹਾਂ ਉਹ ਬਾਹਰ ਬੈਠਾ ਆਉਂਦੇ ਜਾਂਦੇ ਨੂੰ ਦੇਖਦਾ ਰਿਹਾ, ਪਰ ਕਿਸੇ ਨੇ ਭੀ ਉਸ ਦੀ ਬਾਤ ਨਾ ਪੁੱਛੀ। ਜਿਵੇਂ ਸੁਦਾਮਾ ਨੂੰ ਆਪਣੇ ਬਚਪਨ ਦੇ ਮਿਤਰ ਦਵਾਰਕਾ ਨਗਰੀ ਦੇ ਰਾਜੇ ਸ੍ਰੀ ਕ੍ਰਿਸ਼ਨ ਨੂੰ ਮਿਲਣ ਆਇਆ ਉਸ ਦੇ ਮਹਿਲਾਂ ਦੇ ਬਾਹਰ ਖੜਾ ਅੰਦਰ ਝਾਤੀਆਂ ਮਾਰ ਰਿਹਾ ਸੀ ਤਿਵੇਂ ਹੀ ਗਰੀਬੜਾ ਸਿੰਘ ਆਪਣੇ ਮਿੱਤਰ ਨੂੰ ਮਿਲਣ ਦੀ ਚਾਹ ਵਿਚ ਕਾਰਖਾਨੇ ਦੇ ਗੇਟ ਵਲ ਚੀਤ ਲਾਈ ਬੈਠਾ ਸੀ। ਕੋਈ ਅੱਧੇ ਘੰਟੇ ਬਾਦ ਗੁਰੂ ਕੇ ਸਿੰਘ ਨੂੰ ਭਾਈ ਸਾਹਿਬ ਕੋਠੀਉਂ ਬਾਹਰ ਆਉਂਦੇ ਨਜ਼ਰ ਪਏ, ਉਹ ਇਕ ਦਮ ਉਠ ਖਲੋਤਾ ਅਤੇ ਅੱਗੇ ਹੋ ਕੇ ਜਾ ਫਤਹ ਗਜਾਈ। ਭਾਈ ਸਾਹਿਬ ਨੇ ਕਾਰ ਦੇ ਉਪਰਲੇ ਪਾਸਿਓਂ ਹੋ ਕੇ ਸਿੰਘ ਜੀ ਨੂੰ ਆਪਣੀ ਜੱਫੀ ਵਿਚ ਲੈ ਲਿਆ ਅਤੇ ਖੁਸ਼ੀ ਖੁਸ਼ੀ ਕਮਰੇ ਵਿਚ ਲੈ ਗਏ ਸੁੱਖ ਸਾਂਦ ਪੁੱਛਣ ਤੋਂ ਬਾਦ ਉਨ੍ਹਾਂ ਨੇ ਸਿੰਘ ਜੀ ਨੂੰ ਗੁਸਲਖਾਨੇ ਵਿਚੋਂ ਹੱਥ ਪੈਰ ਧੋ ਆਉਣ ਲਈ ਬੇਨਤੀ ਕੀਤੀ ਕਿਉਂ ਜੋ ਸਿੰਘ ਜੀ ਆਪਣੇ ਪਿੰਡੋਂ ਪੈਦਲ ਹੀ ਚਲ ਕੇ ਆਏ ਸਨ ਅਤੇ ਉਨ੍ਹਾਂ ਦੇ ਪੈਰ ਮਿੱਟੀ ਨਾਲ ਭਰੇ ਹੋਏ ਸਨ।

ਸਿੰਘ ਜੀ ਪੰਜ ਇਸ਼ਨਾਨਾ ਕਰਨ ਗੁਸਲਖਾਨੇ ਚਲੇ ਗਏ ਅਤੇ ਪਿੱਛੋਂ ਭਾਈ



Namdhari Elibrary NamdhariElibrary@gmail.com

ਸਾਹਿਬ ਨੇ ਇਕ ਕਪੜਾ ਲੈ ਕੇ ਸਿੰਘ ਜੀ ਦੀ ਜੁੱਤੀ ਸਾਫ ਕਰ ਦਿੱਤੀ। ਸਿੰਘ ਜੀ ਨੇ ਆਪਣੀ ਜੁੱਤੀ ਚਮਕਦੀ ਹੋਈ ਦੇਖ ਕੇ ਕਿਹਾ, "ਭਾਈ ਸਾਹਿਬ ਜੀ ਆਪਣੀਆਂ ਬੀਬੀਆਂ ਬਹੁਤ ਸੇਵਾ ਕਰਦੀਆਂ ਹਨ। ਵੇਖੋ ਮੇਰੇ ਗੁਸਲਖਾਨੇ ਗਏ ਗਏ ਉਨ੍ਹਾਂ ਨੇ ਮੇਰੀ ਜੁੱਤੀ ਕਿਵੇਂ ਲਿਸ਼ਕਾ ਛੱਡੀ ਹੈ।" ਭਾਈ ਸਾਹਿਬ ਜੀ ਨੇ ਹੌਲੀ ਜੇਹੀ "ਹਾਂ ਜੀ", ਕਹਿ ਛੱਡਿਆ। ਸਿੰਘ ਜੀ ਨੂੰ ਕੀ ਪਤਾ ਸੀ ਕਿ ਇਹ ਸੇਵਾ ਤਾਂ ਉਸ ਦੇ ਸਤਿਕਾਰ ਯੋਗ ਮਿੱਤਰ ਨੇ ਹੀ ਨਿਭਾਈ ਹੈ।

ਦੋਵੇਂ ਮਿੱਤਰ ਗੱਲਾਂ ਬਾਤਾਂ ਕਰਦੇ ਰਹੇ। ਵਾਯੂ ਅਨੁਕੂਲਿਤ (Air conditioned) ਕਮਰੇ ਵਿਚ ਆਪਣੇ ਮਿੱਤਰ ਨਾਲ ਬੈਠੇ ਸਿੰਘ ਜੀ ਨੂੰ ਦੁਪਹਿਰ ਦੀ ਕੜਕਦੀ ਧੁੱਪ ਭੁੱਲ ਗਈ ਅਤੇ ਠੰਡੇ ਦੁੱਧ ਦੇ ਗੱਫਿਆਂ ਨੇ ਉਸਦੇ ਸਫਰ ਦਾ ਥਕੇਵਾਂ ਦੂਰ ਕਰ ਦਿੱਤਾ।

ਕੋਈ ਸਮਾਂ ਸੀ ਜਦੋਂ ਭਾਈ ਸਾਹਿਬ ਨੂੰ ਰੋਟੀ ਵੀ ਡੰਗ ਦੀ ਡੰਗ ਹੀ ਜੁੜਦੀ ਸੀ। ਸਿੰਘ ਸਜਣ ਕਾਰਨ ਮਾਪਿਆਂ ਨੇ ਉਨ੍ਹਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਸਿੱਖੀ ਦੀ ਖਾਤਰ ਉਨ੍ਹਾਂ ਹਰ ਔਕੜ ਦਾ ਖਿੜੇ ਮੱਥੇ ਮੁਕਾਬਲਾ ਕੀਤਾ, ਗੁਰੂ ਤੇ ਭਰੋਸਾ ਰੱਖਿਆ, ਡੋਲੇ ਨਹੀਂ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਰਹੇ। ਸਿੰਘਣੀ ਬਿਮਾਰ ਹੋ ਗਈ। ਦਵਾਈ ਲੈਣ ਲਈ ਪੈਸੇ ਨਹੀਂ ਸਨ। ਪੁਰਾਣੇ ਅਣਵਰਤੇ ਬਸਤਰ ਵੇਚ ਕੇ ਦਵਾਈ ਦਾ ਬੰਦੋਬਸਤ ਕੀਤਾ ਗਿਆ। ਮਿਹਨਤ ਕਰਦੇ ਰਹੇ, ਕਿਸੇ ਅੱਗੇ ਹੱਥ ਨਹੀਂ ਅੱਡਿਆ, ਆਪਣੀ ਦਸਾਂ ਨੌਹਾਂ ਦੀ ਕਮਾਈ ਤੇ ਹੀ ਸਬਰ ਰੱਖਿਆ। ਅਕਾਲ ਪੁਰਖ ਦੇ ਭਾਣੇ ਅੰਦਰ ਗੁਰ ਗੁਰ, ਵਾਹੁ ਵਾਹੁ ਕਰਦੇ ਜ਼ਿੰਦਗੀ ਦੀਆਂ ਮੁਸ਼ਕਲਾਂ ਨਾਲ ਖਿੜੇ ਮੱਥੇ ਜੂਝਦੇ ਰਹੇ।

ਕਹਿੰਦੇ ਨੇ ਸੱਤਾਂ ਸਾਲਾਂ ਬਾਦ ਤਾਂ ਰੂੜੀ ਦੀ ਭੀ ਸੁਣੀ ਜਾਂਦੀ ਹੈ। ਜੇ ਮੱਸਿਆ ਦੀ ਕਾਲੀ ਘੁੱਪ ਰਾਤ ਹੈ ਤਾਂ ਕਿਸੇ ਦਿਨ ਪੂਰਨਮਾਸ਼ੀ ਦੀ ਦੁੱਧ ਚਿੱਟੀ ਚਾਨਣੀ ਰਾਤ ਵੀ ਆਉਂਦੀ ਹੈ। ਭਾਈ ਸਾਹਿਬ ਦੀ ਕਿਸਮਤ ਨੇ ਪਲਟਾ ਖਾਧਾ ਦਿਨਾਂ ਵਿਚ ਹੀ ਮਹਿਲ ਉਸਰ ਗਏ, ਕਾਰਾਂ ਤੇ ਸਕੂਟਰ ਆ ਗਏ। ਇਕ ਵੱਡੇ ਭਾਰੀ ਕਾਰਖਾਨੇ ਦੇ ਮਾਲਕ ਬਣ ਗਏ। ਜਿਹੜੇ ਲੋਕ ਭਾਈ ਸਾਹਿਬ ਨੂੰ ਨੱਕ ਥੱਲੇ ਨਹੀਂ ਸੀ ਰੱਖਦੇ ਉਹ ਹੁਣ ਝੁਕ ਝੁਕ ਸਲਾਮਾਂ ਕਰਨ ਲੱਗੇ। ਫੱਟ ਕੋਈ ਨਾ ਕੋਈ ਬਹਾਨਾ ਲੈ ਕੇ ਭਾਈ ਸਾਹਿਬ ਨੂੰ ਮਿਲਣ ਲਈ ਆ ਖੜਾ ਹੁੰਦਾ। ਜਿਨ੍ਹਾਂ ਭਾਈ ਸਾਹਿਬ ਦੇ ਪੁਤਰਾਂ ਵਲ ਕੋਈ ਮੂੰਹ ਨਹੀਂ ਸੀ ਕਰਦਾ ਉਨ੍ਹਾਂ ਪਿੱਛੇ 'ਸਰਦਾਰ ਜੀ' 'ਸਰਦਾਰ ਜੀ



Namdhari Elibrary NamdhariElibrary@gmail.com

ਹੋਣ ਲੱਗੀ। ਸਚ ਹੈ ਮਾਇਆਧਾਰੀ ਦੁਨੀਆਂ ਪੈਸੇ ਨੂੰ ਪੂਜਦੀ ਹੈ।

ਭਾਈ ਸਾਹਿਬ ਨੇ ਅੱਤ ਗਰੀਬੀ ਦੇ ਦਿਨ ਦੇਖੇ ਹੋਏ ਸਨ। ਮਹਿਲ ਮਾੜੀਆਂ ਵਿਚ ਰਹਿ ਕੇ ਭੀ ਉਹ ਆਪਣੇ ਆਪ ਨੂੰ ਉਸੇ ਤਰ੍ਹਾਂ ਦੇ ਸਿੱਖ ਸਮਝਦੇ ਰਹੇ ਜਿਸ ਤਰ੍ਹਾਂ ਦੇ ਉਹ ਪਹਿਲੋਂ ਸਨ। ਉਨ੍ਹਾਂ ਤੇ ਮਾਇਆ ਨਾਗਣੀ ਦਾ ਕੋਈ ਜਾਦੂ ਨਾ ਚਲਿਆ। ਉਹ ਆਪਣੇ ਬੁੰਗੇ ਵਿਚ ਬੈਠੇ ਗੁਰੂ ਕੇ ਸਿਦਕੀ ਸਿੰਘਾਂ ਦੇ ਦਰਸ਼ਨਾਂ ਨੂੰ ਲੋਚਦੇ ਰਹਿੰਦੇ। ਜਦ ਕਦੇ ਉਨ੍ਹਾਂ ਨੂੰ ਰਹਿਤਵਾਨ ਸਿੰਘ ਮਿਲ ਪੈਂਦਾ, ਉਹ ਇਉਂ ਸਮਝਦੇ ਜਿਵੇਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋ ਗਏ ਹੋਣ। "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ" ਵਾਲੇ ਹੁਕਮ ਤੇ ਉਹ ਪੂਰਾ ਪਹਿਰਾ ਦਿੰਦੇ ਜਾਪਦੇ। ਘਰ ਆਏ ਸਿੰਘਾਂ ਦੀ ਉਹ ਖੂਬ ਸੇਵਾ ਕਰਦੇ। ਵਧੀਆ ਵਧੀਆ ਖਾਣੇ ਖੁਆਉਂਦੇ ਅਤੇ ਹਰ ਤਰ੍ਹਾਂ ਦੀ ਸੇਵਾ ਕਰਦੇ। ਗਰੀਬ ਸਿੰਘ ਨੂੰ ਪੁਸ਼ਾਕੇ ਸੁਆ ਕੇ ਦਿੰਦੇ ਅਤੇ ਤੁਰਨ ਲੱਗਿਆਂ ਕਿਰਾਇਆ ਭਾੜਾ ਭੀ ਦਿੰਦੇ। ਆਪਣੇ ਗਰੀਬ ਮਿੱਤਰਾਂ ਦੀ ਮਾਇਕ ਸਹਾਇਤਾ ਭੀ ਕਰਦੇ।

ਇਕ ਦਿਨ ਭਾਈ ਸਾਹਿਬ ਨੇ ਕਾਕਾ ਦਗਤਾਰ ਸਿੰਘ ਨੂੰ ਆਪਣੇ ਰਿਸ਼ਤੇਦਾਰ ਨੂੰ ਇਉਂ ਝਿੜਕਦਿਆਂ ਸੁਣਿਆ, "ਖ਼ਬਰਦਾਰ ਜੇ, ਇੱਥੇ ਨੀਲੀ ਪੱਗ ਬੰਨ੍ਹ ਕੇ ਅਕਾਲੀ ਜਿਹਾ ਬਣ ਭੋਲਾ ਜਿਹਾ ਚੁੱਕ ਕੇ ਤੁਰ ਆਉਂਦੇ ਆ ਕੰਗਾਲਾਂ ਵਾਂਗ।" ਗਰੀਬ ਬੱਚੇ ਦੀਆਂ ਅੱਖਾਂ ਵਿਚ ਹੰਝੂ ਨਿਕਲ ਆਏ। ਜਦੋਂ ਇਸ ਘਟਨਾ ਦਾ ਪਤਾ ਭਾਈ ਸਾਹਿਬ ਨੂੰ ਲੱਗਿਆ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਮਹਿਸੂਸ ਹੋਇਆ। ਪਹਿਲੋਂ ਉਹ ਚਿੱਟੀ ਪੱਗ ਬੰਨ੍ਹਿਆ ਕਰਦੇ ਸਨ ਉਸ ਦਿਨ ਤੋਂ ਉਨ੍ਹਾਂ ਨੇ ਮੁੜ ਨੀਲੀ ਦਸਤਾਰ ਸਜਾਉਣੀ ਅਰੰਭ ਦਿੱਤੀ। ਉਨ੍ਹਾਂ ਨੇ ਆਪਣੇ ਪੁੱਤਰ ਨੂੰ ਬੁਲਾ ਕੇ ਤਾੜਨਾ ਕੀਤੀ ਕਿ ਅੱਗੋਂ ਨੂੰ ਕਿਸੇ ਨੂੰ ਇਉਂ ਨਹੀਂ ਕਹਿਣਾ। ਉਨ੍ਹਾਂ ਕਿਹਾ, "ਜੇ ਤੈਨੂੰ ਸਿੱਖੀ ਪਹਿਰਾਵਾ ਚੁਭਦਾ ਹੈ ਤਾਂ ਤੂੰ ਬੜੀ ਖੁਸ਼ੀ ਨਾਲ ਇਹ ਘਰ ਛੱਡ ਕੇ ਜਾ ਸਕਦਾ ਹੈਂ। ਤੇਰੇ ਜਿਹੇ ਮਾਇਆ ਦੇ ਅਭਿਮਾਨੀ ਨੂੰ ਘਰੋਂ ਬਾਹਰ ਕੱਢ ਕੇ ਮੈਂ ਇਹੋ ਜਿਹੇ ਰਹਿਤ-ਵਾਨ ਗਰੀਬ ਸਿੱਖ ਬੱਚਿਆਂ ਨੂੰ ਘਰ ਰੱਖ ਕੇ ਵਧੇਰੇ ਖੁਸ਼ ਹੋਵਾਂਗਾ।"

ਇਕ ਵੇਰ ਭਾਈ ਸਾਹਿਬ ਨੂੰ ਪਤਾ ਲੱਗਿਆ ਕਿ ਉਸ ਦੇ ਮਿੱਤਰ ਨੂੰ ਫਾਟਕੋਂ ਤੋਂ ਬਾਹਰ ਕਾਫੀ ਉਡੀਕ ਕਰਨੀ ਪਈ। ਆਪਣੇ ਪੁੱਤਰਾਂ ਦਾ ਇਕ ਸਿੰਘ ਨਾਲ ਏਹੋ ਜੇਹਾ ਸਲੂਕ ਉਨ੍ਹਾਂ ਨੂੰ ਚੰਗਾ ਨਾ ਲੱਗਾ। ਰਾਤ ਨੂੰ ਉਨ੍ਹਾਂ ਆਪਣੇ ਸਾਰਿਆਂ ਪੁੱਤਰਾਂ



Namdhari Elibrary NamdhariElibrary@gmail.com

ਨੂੰ ਇਕਠਿਆਂ ਕੀਤਾ ਅਤੇ ਕਿਹਾ ਕਿ ਅੱਗੋਂ ਨੂੰ ਜਦੋਂ ਭੀ ਕੋਈ ਰਹਿਤਵਾਨ ਸਿੱਖ ਉਨ੍ਹਾਂ ਨੂੰ ਮਿਲਣ ਆਵੇ ਉਸ ਨੂੰ ਬਿਲਕੁਲ ਨਾ ਰੋਕਿਆ ਜਾਵੇ ਅਤੇ ਇਕ ਦਮ ਉਨ੍ਹਾਂ ਦੇ ਕਮਰੇ ਵਿਚ ਭੇਜ ਦਿੱਤਾ ਜਾਇਆ ਕਰੇ।

ਰਾਤ ਨੂੰ ਦੋਵੇਂ ਮਿੱਤਰਾਂ ਨੇ ਇਕੱਠਿਆਂ ਖਾਣਾ ਖਾਧਾ ਅਤੇ ਇੱਕੋ ਹੀ ਕਮਰੇ ਵਿਚ ਸੁੱਤੇ। ਖੂਬ ਬਚਨ ਬਿਲਾਸ ਹੋਏ ਅਤੇ ਇਕ ਦੂਜੇ ਦੀ ਸੰਗਤ ਦੀ ਖੁਸ਼ੀ ਮਾਣਦੇ ਰਹੇ। ਦੂਜੇ ਦਿਨ ਸਿੰਘ ਜੀ ਨੂੰ ਵਿਦਾ ਕਰਨ ਲਈ ਭਾਈ ਸਾਹਿਬ ਉਨ੍ਹਾਂ ਦੇ ਨਾਲ ਸੜਕ ਤਕ ਗਏ। ਵਿੱਛੜਨ ਵੇਲੇ ਇਕ ਦੂਜੇ ਨੇ ਹੱਥ ਜੋੜ ਕੇ ਅਤੇ ਝੁਕ ਕੇ ਫਤਹ ਬੁਲਾਈ। ਰਹਿਤਵਾਨ ਗੁਰ ਸਿੱਖ ਦੇ ਵਿਯੋਗ ਵਿਚ ਭਾਈ ਸਾਹਿਬ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਸਿੰਘ ਜੀ ਚਲੇ ਗਏ ਅਤੇ ਭਾਈ ਸਾਹਿਬ ਹੰਝੂ ਕੇਰਦੇ ਘਰ ਵਾਪਸ ਆ ਰਹੇ ਸਨ।

—o—



Namdhari Elibrary NamdhariElibrary@gmail.com

## ੧੪

# ਗੁਰਸਿੱਖਾਂ ਕੀ ਹਰਿ ਧੂੜਿ ਦੇਹਿ

"ਹੌਲਦਾਰ ਸਾਹਿਬ ! ਕੀ ਉਸ ਵਰਗੀ ਤੁਹਾਡੀ ਵੀ ਕੋਈ ਧੀ ਭੈਣ ਹੈ ?" ਸਿੱਖ ਰੰਗਰੂਟ ਨੇ ਦੁਕਾਨ ਤੇ ਸਜੀ ਧਜੀ ਬੈਠੀ ਨੌਜਵਾਨ ਲੜਕੀ ਵੱਲ ਨੂੰ ਇਸ਼ਾਰਾ ਕਰਕੇ ਆਪਣੇ ਹੌਲਦਾਰ ਨੂੰ ਪੁੱਛਿਆ । "ਨਹੀਂ" ਹੌਲਦਾਰ ਨੇ ਉਤਰ ਦਿੱਤਾ । "ਕੀ ਤੁਹਾਡੇ ਸਰੀਕੇ ਜਾਂ ਰਿਸ਼ਤੇਦਾਰੀ ਵਿਚ ਕੋਈ ਏਡੀ ਕੁ ਲੜਕੀ ਹੈ ?" ਸਿੱਖ ਰੰਗਰੂਟ ਨੇ ਹੋਰ ਪੁੱਛਿਆ । "ਨਹੀਂ" ਹੌਲਦਾਰ ਨੇ ਫਿਰ ਉਤਰ ਦਿਤਾ । "ਕੀ ਤੁਹਾਡੇ ਆਂਢ ਗੁਆਂਢ ਭੀ ਇਹੋ ਜੇਹੀ ਕੋਈ ਕੁੜੀ ਨਹੀ ?" ਸਿੱਖ ਰੰਗਰੂਟ ਨੇ ਫਿਰ ਪ੍ਰਸ਼ਨ ਕੀਤਾ । ਹੌਲਦਾਰ ਦਾ ਇਸ ਵਾਰ ਉਤਰ ਵੀ "ਨਹੀਂ" ਵਿਚ ਹੀ ਸੀ । ਸਿੱਖ ਰੰਗਰੂਟ ਦੇ ਵਾਰ ਵਾਰ ਇਸੇ ਹੀ ਪ੍ਰਕਾਰ ਦੇ ਪ੍ਰਸ਼ਨ ਕਰਨ ਤੇ ਹੌਲਦਾਰ ਦੇ ਪੈਰ ਥਿੜਕ ਗਏ । ਉਹ ਉਸ ਬਾਜ਼ਾਰ ਵਿਚ ਅੱਗੇ ਜਾਣੋਂ ਰੁੱਕ ਗਿਆ । ਉਸ ਦਾ ਜੋਸ਼ ਠੰਡਾ ਪੈ ਗਿਆ । ਉਸ ਦੀ ਗੱਲ ਕਰਨ ਦੀ ਤੇਜ਼ੀ ਘੱਟ ਗਈ । ਇਕ ਲੰਬਾ ਸਾਹ ਭਰਕੇ ਉਸਨੇ ਸਿੱਖ ਰੰਗਰੂਟ ਨੂੰ ਉਸ ਬਾਜ਼ਾਰ ਵਿਚੋਂ ਵਾਪਸ ਮੁੜ ਚੱਲਣ ਲਈ ਕਿਹਾ, ਸ਼ਾਇਦ ਉਸ ਨੂੰ ਇਹ ਸਮਝ ਆ ਗਈ ਹੋਵੇ ਕਿ ਕਿਸੇ ਮਜਬੂਰੀ ਕਾਰਨ ਦੁਕਾਨ ਤੇ ਬੈਠੀ ਉਹ ਕੁੜੀ ਭੀ ਉਸ ਦੀਆਂ ਧੀਆਂ ਭੈਣਾਂ ਵਰਗੀ ਹੀ ਹੈ ।

ਹੌਲਦਾਰ ਸਿੱਖ ਰੰਗਰੂਟ ਨੂੰ ਨਾਲ ਲੈ ਕੇ ਬੜੇ ਚਾਈਂ ਚਾਈਂ ਬਾਜ਼ਾਰ ਗਿਆ ਸੀ । ਸ਼ਹਿਰ ਵਿਚ ਕੁਝ ਦੇਰ ਘੁੰਮਣ ਫਿਰਨ ਤੋਂ ਬਾਅਦ ਉਹ ਉਸੇ ਹੀ ਬਾਜ਼ਾਰ ਜਾ ਵੜਿਆ ਜਿਥੇ ਕਿ ਉਹ ਹਰ ਛੁੱਟੀ ਵਾਲੇ ਦਿਨ ਜਾਇਆ ਕਰਦਾ ਸੀ । ਸਾਰਾ ਹਫ਼ਤਾ ਉਹ ਐਤਵਾਰ ਦੇ ਦਿਨ ਦੀ ਉਡੀਕ ਕਰਦਾ ਰਹਿੰਦਾ । ਉਹ ਛੁੱਟੀ ਵਾਲੇ ਦਿਨ ਖਰਚਣ ਲਈ ਪੈਸੇ ਇਕੱਠੇ ਕਰਦਾ ਰਹਿੰਦਾ, ਕਿਧਰੇ ਕੋਈ ਹੇਰਾ ਫੇਰੀ ਕਰਕੇ ਅਤੇ ਕਿਧਰੇ ਚੋਰੀ ਚਿਕਾਰੀ ਕਰਕੇ ਉਹ ਮਾਇਆ ਇਕੱਤਰ ਕਰਦਾ ਰਹਿੰਦਾ ਅਤੇ ਛੁੱਟੀ ਵਾਲੇ ਦਿਨ ਵੰਨ ਸੁਵੰਨੀਆਂ ਕੁੜੀਆਂ ਦੇ ਬਾਜ਼ਾਰ ਗੇੜ੍ਹ ਆਉਂਦਾ ।



Namdhari Elibrary NamdhariElibrary@gmail.com

ਹੌਲਦਾਰ ਆਪਣੀ ਤਨਖਾਹ ਵਿਚੋਂ ਇਹੋ ਜਿਹੇ ਮੌਜ ਮੇਲੇ ਨਹੀਂ ਸੀ ਮਾਣ ਸਕਦਾ, ਉਪਰਲੀ ਖੱਟੀ ਵਾਸਤੇ ਉਸਨੂੰ ਕਈ ਪ੍ਰਕਾਰ ਦੇ ਪਾਖੰਡ ਰਚਣੇ ਪੈਂਦੇ, ਝੂਠ ਬੋਲਣੇ ਪੈਂਦੇ ਅਤੇ ਕਈ ਪ੍ਰਕਾਰ ਦੇ ਜਾਲ ਵਿਛਾਉਣੇ ਪੈਂਦੇ, ਸਾਰੀ ਸਾਰੀ ਰਾਤ ਉਸ ਨੂੰ ਨਵੀਆਂ ਨਵੀਆਂ ਗੋਂਦਾਂ ਗੁੰਦਣੀਆਂ ਪੈਂਦੀਆਂ, ਜਦ ਕਦੇ ਉਸ ਦੀ ਹੇਰਾ ਫੇਰੀ ਅਫਸਰਾਂ ਸਾਹਮਣੇ ਆ ਜਾਂਦੀ ਤਾਂ ਉਸ ਨੂੰ ਝਿੜਕਾਂ ਸਹਿਣੀਆਂ ਪੈਂਦੀਆਂ ਅਤੇ ਜ਼ਲਾਲਤ ਉਠਾਣੀ ਪੈਂਦੀ, ਅਜਿਹੀ ਹਾਲਤ ਵਿਚ ਉਸ ਨੂੰ ਜਣੇ ਖਣੇ ਦੀ ਖੁਸ਼ਾਮਦ ਕਰਨੀ ਪੈਂਦੀ। ਕਈ ਵੇਰ ਉਸ ਨੂੰ ਆਪਣੀਆਂ ਫੀਤੀਆਂ ਲੱਥਣ (ਹੌਲਦਾਰੀ ਟੁੱਟਣ) ਦਾ ਡਰ ਵੀ ਭਾਸਿਆ ਪਰ ਪ੍ਰਮਾਤਮਾ ਉਸਨੂੰ ਪੈਰ ਪੈਰ ਤੇ ਬਚਾਉਂਦਾ ਰਿਹਾ। ਜਦੋਂ ਕੋਈ ਨਵਾਂ ਰੰਗਰੂਟ (Recrruit) ਹੌਲਦਾਰ ਕੋਲ ਆ ਜਾਂਦਾ ਤਾਂ ਉਸ ਨੂੰ ਆਉਂ-ਦਿਆਂ ਹੀ ਹੱਥ ਤੇ ਲੈ ਲੈਂਦਾ, ਅਤੇ ਉਸ ਨਾਲ ਯਰਾਨਾ ਗੰਢ ਕੇ ਉਸ ਨੂੰ ਚੱਟਣਾ ਸ਼ੁਰੂ ਕਰ ਦਿੰਦਾ। ਨਵੇਂ ਆਏ ਰੰਗਰੂਟ ਨੂੰ ਉਹ ਇਕ ਦਮ ਭਰਮਾ ਲੈਂਦਾ ਅਤੇ ਆਪਣਾ ਭਾਈਵਾਲ ਬਣਾਕੇ ਉਸਦੇ ਸਿਰ ਤੇ ਮਜ਼ੇ ਮਾਣਦਾ। ਐਸ਼ ਉਹ ਖੁਦ ਕਰਦਾ ਅਤੇ ਖਰਚਾ ਵਿਚਾਰੇ ਰੰਗਰੂਟ ਨੂੰ ਚੁਕਾਣਾ ਪੈਂਦਾ, ਜਦੋਂ ਪੁਰਾਣੇ ਰੰਗਰੂਟਾਂ ਨੂੰ ਹੌਲ-ਦਾਰ ਦੀਆਂ ਕਰਤੂਤਾਂ ਦਾ ਪਤਾ ਲਗ ਜਾਂਦਾ ਤਾਂ ਉਹ ਹੌਲੀ ਹੌਲੀ ਉਸ ਕੋਲੋਂ ਆਪਣਾ ਪਿੱਛਾ ਛੁਡਾ ਲੈਂਦੇ। ਹੌਲਦਾਰ ਫਿਰ ਬਗਲੇ ਭਗਤ ਦੀ ਤਰ੍ਹਾਂ ਨਵੇਂ ਸ਼ਿਕਾਰ ਦੀ ਉਡੀਕ ਕਰਨ ਲਗ ਜਾਂਦਾ।

ਘਰ ਦਾ ਗੁਜ਼ਾਰਾ ਮੁਸ਼ਕਲ ਵੇਖ ਕੇ ਸਿੱਖ ਰੰਗਰੂਟ ਫੌਜ ਵਿਚ ਭਰਤੀ ਹੋ ਗਿਆ ਸੀ। ਹੌਲਦਾਰ ਤਾਂ ਸ਼ਿਕਾਰ ਦੀ ਉਡੀਕ ਵਿਚ ਬੈਠਾ ਹੀ ਸੀ। ਸਾਊ ਮੁੰਡਾ ਗੁਰੂ ਕਾ ਲਾਲ ਇਸੇ ਦੀ ਪਲਾਟੂਨ (Platoon) ਵਿਚ ਆ ਗਿਆ। ਪਾਖੰਡੀ ਹੌਲ-ਦਾਰ ਨੂੰ ਹੋਰ ਕੀ ਚਾਹੀਦਾ ਸੀ ? ਅੰਨ੍ਹਿਆਂ ਤੇਨੂੰ ਦੋ ਅੱਖਾਂ ? ਹੌਲੀ ਹੌਲੀ ਹੌਲਦਾਰ ਨੇ ਸਿੱਖ ਰੰਗਰੂਟ ਨੂੰ ਚਾਟੇ ਲਾਉਣਾ ਸ਼ੁਰੂ ਕੀਤਾ। ਸਿੱਖ ਰੰਗਰੂਟ ਨੂੰ ਜਾਲ ਵਿਚ ਫਸਾਉਣ ਲਈ ਨਿੱਤ ਨਵੇਂ ਹੱਥ ਕੰਡੇ ਵਰਤਦਾ ਪਰ ਉਸ ਤੇ ਹੌਲਦਾਰ ਦਾ ਜਾਦੂ ਨਾ ਚਲਿਆ। ਵਿਭਚਾਰੀ ਅਤੇ ਬੇਈਮਾਨ ਹੌਲਦਾਰ ਨੂੰ ਕੀ ਪਤਾ ਸੀ ਕਿ ਸਿੱਖ ਰੰਗਰੂਟ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਹੋਇਆ ਹੈ।

ਹੌਲਦਾਰ ਸਿੱਖ ਰੰਗਰੂਟ ਨੂੰ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ, ਪਰ ਸਿੱਖ ਰੰਗਰੂਟ ਵਿਹਲੀਆਂ ਗਪੌੜਾਂ ਸਮਝਕੇ ਕੋਈ ਧਿਆਨ ਨਾ ਦਿੰਦਾ। ਉਹ ਆਪਣੀ ਧੁਨ ਵਿਚ ਮਸਤ ਰਹਿੰਦਾ ਅਤੇ ਰਾਤ ਨੂੰ ਕੰਮ ਕਾਰ ਤੋਂ ਵਿਹਲਾ ਹੋ ਕੇ ਸਵਖਤੇ ਹੀ



Namdhari Elibrary NamdhariElibrary@gmail.com

ਸੌਂ ਜਾਂਦਾ। ਜਦ ਕਿ ਬਾਕੀ ਉਸਦੀ ਬਾਰਕ ਦੇ ਜੁਆਨ ਅੱਧੀ ਰਾਤ ਤੱਕ ਗੱਪਾਂ ਹੀ ਮਾਰਦੇ ਰਹਿੰਦੇ। ਉਹ ਤੜਕੇ ਹੀ ਉੱਠ ਖਲੋਂਦਾ, ਜੰਗਲ ਪਾਣੀ ਤੋਂ ਬਾਅਦ ਇਸ਼ਨਾਨ ਕਰਦਾ ਅਤੇ ਫਿਰ ਆਪਣੇ ਬਿਸਤਰੇ ਵਿਚ ਆ ਕੇ ਸਿਮਰਨ ਵਿਚ ਜੁੱਟ ਜਾਂਦਾ। ਸਿਮਰਨ ਤੋਂ ਵਿਹਲਾ ਹੋ ਕੇ ਗੁਰਬਾਣੀ ਨਿੱਤਨੇਮ ਦਾ ਪਾਠ ਕਰਦਾ। ਪਾਠ ਉਪਰੰਤ ਅਰਦਾਸ ਕਰਕੇ ਆਪਣੀ ਵਰਦੀ ਸਜਾਉਂਦਾ ਅਤੇ ਸਭ ਤੋਂ ਪਹਿਲਾਂ ਪਰੇਡ ਲਈ ਹਾਜ਼ਰ ਹੋ ਜਾਂਦਾ।

ਸਿੱਖ ਰੰਗਰੂਟ ਹਰ ਕੰਮ ਦਿਆਨਤਦਾਰੀ ਨਾਲ ਕਰਦਾ। ਆਪਣੇ ਮਿਹਨਤੀ ਅਤੇ ਸ਼ੀਲ ਸੁਭਾ ਕਾਰਣ ਉਹ ਆਪਣੇ ਅਫਸਰਾਂ ਨੂੰ ਚੰਗਾ ਲੱਗਣ ਲੱਗ ਪਿਆ। ਉਹ ਫਾਲਤੂ ਗੱਪਾਂ ਵਿਚ ਸਮਾਂ ਨਾ ਗੁਆਉਂਦਾ। ਉਠਦਿਆਂ ਬੈਠਦਿਆਂ, ਚਲਦਿਆਂ ਫਿਰਦਿਆਂ ਕਾਰ ਵਿਹਾਰ ਕਰਦਿਆਂ ਉਹ ਸਿਮਰਨ ਕਰਦਾ ਰਹਿੰਦਾ। ਉਸ ਦਾ ਹੱਥ ਕਾਰ (ਕੰਮ) ਵਿਚ ਹੁੰਦਾ ਅਤੇ ਦਿਲ ਯਾਰ (ਅਕਾਲ ਪੁਰਖ) ਵਲ। ਸ਼ਾਮ ਨੂੰ ਉਹ ਇਕਾਂਤ ਵਿਚ ਬੈਠ ਕੇ "ਰਹਿਰਾਸ ਸਾਹਿਬ" ਦਾ ਪਾਠ ਕਰਦਾ ਅਤੇ ਉਪਰੰਤ ਬੜੇ ਪ੍ਰੇਮ ਅਤੇ ਨਿੰਮਰਤਾ ਵਿਚ ਆ ਕੇ ਅਰਦਾਸ ਕਰਦਾ। ਰਾਤ ਨੂੰ "ਸੋਹਿਲੇ" ਦਾ ਪਾਠ ਕਰ ਕੇ "ਗੁਰ ਗੁਰ" "ਵਾਹੁ, ਵਾਹੁ" ਕਰਦਾ ਸੌਂ ਜਾਂਦਾ। ਛੁੱਟੀ ਵਾਲੇ ਦਿਨ ਉਹ ਛਾਉਣੀ ਦੇ ਗੁਰਦੁਆਰੇ ਜਾ ਹਾਜ਼ਰੀ ਭਰਦਾ ਅਤੇ ਗੁਰੂ ਦੀ ਸੰਗਤ ਵਿਚ ਬੈਠਕੇ ਕਥਾ ਕੀਰਤਨ ਦਾ ਆਨੰਦ ਮਾਣਦਾ।

ਹੌਲਦਾਰ ਹਰ ਵੇਲੇ ਸਿੱਖ ਰੰਗਰੂਟ ਦੇ ਨਾਲ ਰਹਿੰਦਾ। ਉਹ ਸਿੱਖ ਰੰਗਰੂਟ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਹਰ ਹਥ ਕੰਡਾ ਵਰਤਦਾ ਪਰ ਸਿੱਖ ਰੰਗਰੂਟ ਤੇ ਉਸ ਦਾ ਕੋਈ ਜਾਦੂ ਨਾ ਚਲ ਸਕਿਆ। ਸਿੱਖ ਰੰਗਰੂਟ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ। ਉਹ ਅੰਮ੍ਰਿਤ ਛਕਕੇ ਗੁਰੂ ਦੇ ਲੜ ਲਗ ਚੁੱਕਾ ਸੀ, ਉਹ ਗੁਰੂ ਦਾ ਹੋ ਚੁੱਕਿਆ ਸੀ। ਗੁਰੂ ਹਰ ਵੇਲੇ ਉਸਦੇ ਅੰਗ ਸੰਗ ਸੀ। ਕੱਚਿਆਂ ਪਿੱਲਿਆਂ ਦੇ ਜਾਦੂ ਟੂਣੇ ਉਸ ਤੇ ਕੀ ਅਸਰ ਕਰ ਸਕਦੇ ਸਨ? ਮਿੱਟੀ ਦੀ ਕੱਚੀ ਡਲੀ ਪੱਕੇ ਪੱਥਰ ਨੂੰ ਨਾ ਭੁਲਾ ਸਕੀ। ਫਫਾ ਕੁਟਣਾ ਹੌਲਦਾਰ ਸਿੱਖ ਰੰਗਰੂਟ ਨੂੰ ਆਪਣੇ ਜਾਲ ਵਿਚ ਫਸਾਉਂਦਾ ਫਸਾਉਂਦਾ ਖੁਦ ਹੀ ਗੁਰਸਿੱਖ ਦੀ ਜ਼ਾਹਰੀ ਕਰਾਮਾਤ (ਸੱਚਾ ਸੁੱਚਾ ਆਚਾਰ) ਦਾ ਕਾਇਲ ਹੋ ਗਿਆ।

ਜਿਸ ਦਿਨ ਸਿੱਖ ਰੰਗਰੂਟ ਨੇ ਬਾਜ਼ਾਰ ਗਏ ਹੌਲਦਾਰ ਦੀ ਵਿਸ਼ੇ ਵਿਕਾਰਾਂ ਵਿਚ ਦਬੀ ਆਤਮਾ ਨੂੰ ਦੁਕਾਨ ਤੇ ਬੈਠੀ ਨੌਜੁਆਨ ਕੁੜੀ ਵੱਲ ਇਸ਼ਾਰਾ ਕਰਕੇ ਟੁੰਬਿਆ। ਉਸ ਦਿਨ ਤੋਂ ਹੌਲਦਾਰ ਦੇ ਜੀਵਨ ਵਿਚ ਪਲਟਾ ਆ ਗਿਆ। ਉਹ



Namdhari Elibrary NamdhariElibrary@gmail.com

ਆਪਣੇ ਆਪ ਨੂੰ ਲਾਹਨਤਾਂ ਪਾ ਰਿਹਾ ਸੀ। ਉਸ ਦੇ ਆਪਣੇ ਪਿਛਲੇ ਕੁਕਰਮ ਜਿਵੇਂ ਉਸ ਅਗੇ ਮੂਰਤੀਆਂ ਹੋ ਗਏ ਹੋਣ। ਉਸ ਨੂੰ ਆਪਣੀਆਂ ਪਿਛਲੀਆਂ ਕਰਤੂਤਾਂ ਤੋਂ ਡਰ ਲੱਗਣ ਲੱਗ ਪਿਆ। ਉਹ ਆਪਣੇ ਆਪ ਨੂੰ ਭਾਰੀ ਅਪਰਾਧੀ ਸਮਝਣ ਲੱਗ ਪਿਆ। ਉਹ ਚੋਰ ਯਾਰ, ਜੁਆਰ, ਅਤੇ ਠੱਗ ਸੀ। ਪਤਾ ਨਹੀਂ ਉਸ ਨੇ ਕਿੰਨੇ ਪਾਪ ਕੀਤੇ ਸਨ ਕਿੰਨਿਆਂ ਨੂੰ ਠੱਗਿਆ ਸੀ। ਕਿੰਨੀਆਂ ਕੁ ਅਬਲਾਵਾਂ ਦੇ ਸਤ ਭੰਗ ਕੀਤੇ ਸਨ। ਉਸਦਾ ਹਿਰਦਾ ਕੰਬ ਰਿਹਾ ਸੀ। ਆਪਣੇ ਪਾਪਾਂ ਨੂੰ ਬਖਸ਼ਾਉਣ ਲਈ ਉਹ ਭੀ ਸਿੱਖ ਰੰਗਰੂਟ ਦੇ ਨਾਲ ਗੁਰੂ ਦੇ ਦੁਆਰੇ ਜਾਂਦਾ, ਅਰਦਾਸਾਂ ਕਰਦਾ ਅਤੇ ਆਪਣੀਆਂ ਭੁੱਲਾਂ ਦੀ ਮੁਆਫੀ ਲਈ ਮੱਥੇ ਰਗੜਦਾ।

ਇਕ ਦਿਨ ਸਿੱਖ ਰੰਗਰੂਟ ਦੇ ਬਾਪੂ ਜੀ ਆਪਣੇ ਪੁੱਤਰ ਨੂੰ ਮਿਲਣ ਆਏ। ਉਹ ਫੌਜੀ ਬਾਰਕਾਂ ਵਿਚੋਂ ਆ ਕੇ ਕਿਸੇ ਕੋਲੋਂ ਆਪਣੇ ਪੁੱਤਰ ਦਾ ਟਿਕਾਣਾ ਪੁੱਛਣ ਦੀ ਉਡੀਕ ਵਿਚ ਖੜੇ ਸੀ ਕਿ ਹੌਲਦਾਰ ਦੀ ਨਜ਼ਰ ਉਨ੍ਹਾਂ ਤੇ ਜਾ ਪਈ। ਸੁਰਮਈ ਦਸਤਾਰ, ਸਿੱਧੇ ਦਾੜ੍ਹੇ ਅਤੇ ਗਾਤਰੇ ਕਿਰਪਾਨ ਪਾਈ ਇਕ ਬਜ਼ੁਰਗ ਨੂੰ ਆਪਣੀਆਂ ਬਾਰਕਾਂ ਵਿਚਕਾਰ ਖਲੋਤਾ ਵੇਖ ਕੇ ਹੌਲਦਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆ ਗਈ। ਉਸ ਨੇ ਕਾਹਲੀ ਕਾਹਲੀ ਜਾ ਕੇ ਦੋਵੇਂ ਹੱਥ ਜੋੜ ਦਿੱਤੇ ਅਤੇ ਝੁਕ ਕੇ ਫਤਹਿ ਗਜਾਈ। ਗੁਰਸਿੱਖ ਬਜ਼ੁਰਗ ਨੇ ਹੌਲਦਾਰ ਦੇ ਹੱਥ ਫੜ ਲਏ ਅਤੇ ਫਤਹਿ ਦਾ ਉਤਰ ਫਤਹਿ ਵਿਚ ਦਿੱਤਾ, ਹੌਲਦਾਰ ਦੀਆਂ ਅੱਖਾਂ ਵਿਚੋਂ ਅੱਥਰੂ ਆ ਗਏ ਅਤੇ ਵਾਹੋ ਦਾਹੀ ਬੋਲ ਉਠਿਆ, "ਮੈਂ ਪਾਪੀ ! ਮੈਂ ਅਪਰਾਧੀ ! ਮੈਂ ਹਰਾਮ ਖ਼ੋਰ ! ਮੇਰੇ ਜਿਹੇ ਕਪਟੀ ਦੇ ਧੰਨ ਭਾਗ ਜਿਸ ਨੂੰ ਗੁਰ ਸਿੱਖ ਦੇ ਦਰਸ਼ਨ ਹੋਏ। ਗੁਰਸਿੱਖਾਂ ਦਾ ਸੰਗ ਸਾਥ ਮਿਲਿਆ।

ਗੁਰਮੁਖ ਬਜ਼ੁਰਗ ਨੇ ਪੁੱਛਿਆ, "ਜੀ ਮੈਂ ਤੁਹਾਨੂੰ ਪਛਾਣਿਆਂ ਨਹੀਂ" ? "ਕੀ ਤੁਸੀਂ ਸਿੱਖ ਰੰਗਰੂਟ ਦੇ ਬਾਪੂ ਜੀ ਨਹੀਂ ਹੋ ?" ਹੌਲਦਾਰ ਨੇ ਕਿਹਾ। "ਤੁਹਾਨੂੰ ਕਿਵੇਂ ਪਤਾ ?" ਸਿੱਖ ਰੰਗਰੂਟ ਦੇ ਬਾਪੂ ਜੀ ਨੇ ਹੈਰਾਨ ਹੋ ਕੇ ਪੁਛਿਆ "ਤੁਹਾਡਾ ਚਿਹਰਾ ਮੁਹਰਾ ਜੋ ਸਿੱਖ ਰੰਗਰੂਟ ਨਾਲ ਮਿਲਦਾ ਹੈ। ਨਾਲੇ ਤੁਹਾਡੀ ਰਹਿਤ ਬਹਿਤ ਸਿੱਖ ਰੰਗਰੂਟ ਨੇ ਮੈਨੂੰ ਪਹਿਲਾਂ ਹੀ ਦੱਸੀ ਹੋਈ ਸੀ" ਹੌਲਦਾਰ ਨੇ ਇਉਂ ਕਿਹਾ। ਹੌਲਦਾਰ ਇਕ ਗੁਰਮੁਖ ਬਜ਼ੁਰਗ ਨੂੰ ਉਸ ਦੇ ਗੁਰਸਿੱਖ ਪੁਤਰ ਕੋਲ ਬਾਰਕ ਦੇ ਬੂ: ਵੱਲ ਲਿਜਾ ਰਿਹਾ ਸੀ ਅਤੇ ਉਸਦੇ ਧੁਰ ਹਿਰਦੇ ਵਿਚੋਂ ਅਰਦਾਸ ਵਜੋਂ ਇਹ ਤੁ- ਉਭਰ ਰਹੀ ਸੀ : ਗੁਰਸਿਖਾਂ ਦੀ ਹਰ ਧੂੜਿ ਦੇਹਿ

ਹਮ ਪਾਪੀ ਭੀ ਗਤਿ ਪਾਹਿ। (ਸਲੋਕ ਮ: ੪



Namdhari Elibrary NamdhariElibrary@gmail.com

## ੧੫

# ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ

ਅੰਮ੍ਰਿਤ ਛਕਣ ਉਪ੍ਰੰਤ ਗੁਰਮੁਖ ਦਾ ਨਵਾਂ ਜਨਮ ਸ਼ੁਰੂ ਹੋ ਗਿਆ। ਉਸ ਦੇ ਹਿਰਦੇ ਵਿਚ "ਨਾਮ" ਦ੍ਰਿੜ੍ਹ ਹੋ ਗਿਆ। ਹੁਣ ਉਹ ਗੁਰੂ ਦੀ ਕਾਰ ਵਿਚ ਜੁਟ ਗਿਆ, ਸੱਚੀ ਕਰੇ ਲਗ ਗਿਆ, ਸੱਚ ਦਾ ਵਿਉਹਾਰ ਕਰਨ ਲਗ ਪਿਆ। ਉਹ ਹੁਣ ਤੜਕੇ ਅੰਮ੍ਰਿਤ ਵੇਲੇ ਉਠ ਖਲੋਂਦਾ ਜਦੋਂ ਚਾਰ ਚੁਫੇਰੇ ਅਡੋਲ ਸ਼ਾਂਤ ਹੁੰਦੀ, ਵਿਸ਼ੇ ਵਿਕਾਰੀ ਲੋਕ ਗੂੜ੍ਹੀ ਨੀਂਦੇ ਸੁਤੇ ਹੋਏ ਹੁੰਦੇ, ਕੁਕੜ ਸਵੇਰ ਦੀ, ਬੜੇ ਤੜਕੇ ਦੀ ਪਹਿਲੀ ਬਾਂਗ ਦੇ ਰਿਹਾ ਹੁੰਦਾ, ਦਿਨ ਦਾ ਤਾਰਾ ਚੜ੍ਹਨ ਦੀਆਂ ਤਿਆਰੀਆਂ ਵਿਚ ਹੁੰਦਾ। ਇਸ਼ਨਾਨ ਕਰ ਕੇ ਉਹ ਚੋਕੜਾ ਮਾਰਕੇ ਬਹਿ ਜਾਂਦਾ ਅਤੇ ਨਾਮ ਅਭਿਆਸ ਕਮਾਈ ਵਿਚ ਜੁਟ ਜਾਂਦਾ। ਉਹ ਕਦੇ ਉਚੀ ਅਤੇ ਕਦੇ ਹੌਲੀ, ਕਦੇ ਤੇਜ਼ ਕਦੇ ਮੱਠਾ "ਵਾਹੁ ਵਾਹੁ" "ਗੁਰ ਗੁਰ" ਕਰਦਾ। ਸਵਾਸਾਂ ਦੇ ਅੰਦਰ ਜਾਣ ਤੇ "ਵਾਹੁ" ਅਤੇ ਬਾਹਰ ਆਉਣ ਤੇ "ਗੁਰੂ" ਦੀ ਧੁਨੀ ਉਚਾਰਨ ਕਰਦਾ, ਸੁਰਤੀ ਨੂੰ ਪ੍ਰਭੂ ਚਰਨਾਂ ਵਿਚ ਟਿਕਾਕੇ, ਐਧਰੋਂ ਉਧਰੋਂ ਖਿੰਡਣੋਂ ਰੋਕ ਕੇ ਉਹ "ਵਾਹੁ ਵਾਹੁ" ਦੇ ਰੰਗਾਂ ਵਿਚ ਮਸਤ ਹੋ ਜਾਂਦਾ। ਪੰਜ ਸਵਾ ਪੰਜ ਵਜੇ ਤਕ ਨਾਮ ਦਾ ਸਿਮਰਨ ਕਰਦਾ ਅਤੇ ਉਸ ਤੋਂ ਉਪ੍ਰੰਤ ਗੁਰਬਾਣੀ ਨਿਤਨੇਮ ਦਾ ਪਾਠ ਕਰਦਾ। ਇਸੇ ਹੀ ਸਮੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ। ਪਾਠ ਤੋਂ ਬਾਦ ਗਲ ਪੱਲਾ ਪਾ ਕੇ ਜੁਗੋ ਜੁਗ ਅਟਲ "ਸ਼ਬਦ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਲੋ ਕੇ ਅਰਦਾਸ ਕਰਦਾ ਅਤੇ ਗੁਰਸਿੱਖੀ ਜੀਵਨ ਅਰ ਸੁਆਸ ਸੁਆਸ ਨਾਮ ਸਿਮਰਨ ਲਈ ਜਾਚਨਾ ਕਰਦਾ। ਹੁਕਮਨਾਮਾ ਪਾਦਿਕਰ ਗੁਰੂ ਗ੍ਰੰਥ ਸਾਹਿਬ ਦਾ ਕੁਝ ਦੇਰ ਲਈ ਪਾਠ ਕਰਦਾ, ਆਪਣੀ ਸੁਰਤੀ ਨੂੰ ਗੁਰ-ਸ਼ਬਦ ਨਾਲ ਜੋੜ ਕੇ ਗੁਰਬਾਣੀ ਦੇ ਭਾਵ



Namdhari Elibrary NamdhariElibrary@gmail.com

ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ, ਗੁਰੂ ਦੀ ਬਾਣੀ ਤੋਂ ਚਾਨਣਾ ਲੈ ਕੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ।

ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਵੇਹਲਾ ਹੋ ਕੇ ਗੁਰਮੁਖ ਗੁਰੂ-ਦੁਆਰੇ ਸਾਧ ਸੰਗਤ ਵਿਚ ਜਾ ਹਾਜ਼ਰੀ ਭਰਦਾ। ਬੜੇ ਪ੍ਰੇਮ ਨਾਲ ਕਥਾ ਕੀਰਤਨ ਸਰਵਨ ਕਰਦਾ। ਗੁਰਦੁਆਰਿਉਂ ਵਾਪਸ ਘਰ ਆਕੇ ਸਵੇਰ ਦਾ ਭੋਜਨ ਛਕਦਾ ਅਤੇ ਆਪਣੇ ਗ੍ਰਹਿਸਥੀ ਜੀਵਨ ਦੇ ਕਾਰ ਵਿਹਾਰ ਵਿਚ ਰੁਝ ਜਾਂਦਾ, ਤੁਰਦਾ ਫਿਰਦਾ ਕੰਮ ਕਾਜ ਕਰਦਾ ਉਠਦਾ ਬੈਠਦਾ ਸਿਮਰਨ ਕਰਦਾ ਰਹਿੰਦਾ ਅਤੇ ਇਸ ਤਰ੍ਹਾਂ ਹਰਦਮ ਪ੍ਰਮਾਤਮਾ ਦੇ ਭੈ ਅਤੇ ਭਉ (ਪਿਆਰ) ਵਿਚ ਰਹਿੰਦਾ। ਉਹ ਧਰਮ ਦੀ ਕਿਰਤ ਕਰਦਾ ਅਤੇ ਹੇਰਾ ਫੇਰੀ, ਵੱਡੀ ਬੇਈਮਾਨੀ ਤੋਂ ਬਚ ਕੇ ਰਹਿੰਦਾ, ਕਾਮ ਤੋਂ ਬਚਣ ਲਈ ਆਮ ਲੋਕਾਂ ਵਾਂਗ ਪਰਾਈਆਂ ਇਸਤ੍ਰੀਆਂ ਨੂੰ ਅੱਖਾਂ ਫਾੜ ਫਾੜ ਕੇ ਨਾ ਵੇਖਦਾ ਸਗੋਂ ਉਨ੍ਹਾਂ ਨੂੰ ਆਪਣੀਆਂ ਮਾਵਾਂ, ਭੈਣਾਂ ਅਤੇ ਧੀਆਂ ਕਰ ਕੇ ਸਮਝਦਾ ਕਰੋਧ ਤੋਂ ਬਚੇ ਰਹਿਣ ਲਈ ਉਹ ਹਰ ਗਲ ਠਰ੍ਹਮੇ ਨਾਲ ਕਰਦਾ, ਮਿੱਠਾ ਬੋਲਦਾ ਅਤੇ ਕੌੜਾ ਬੋਲਣੋਂ ਸ਼ਰਮ ਖਾਂਦਾ, ਪ੍ਰਮਾਤਮਾ ਦੀ ਦਿੱਤੀ ਹੋਈ ਦਾਤ ਤੇ ਹੀ ਸਬਰ ਰਖ਼ਦਾ ਅਤੇ ਉਸ ਦੇ ਭਾਣੇ ਵਿਚ ਹੀ ਖੁਸ਼ੀ ਸਮਝਦਾ । ਮਾਇਆ ਨਾਲ ਬਹੁਤ ਮੋਹ ਨਾ ਪਾਉਂਦਾ, ਗਹਿਣੇ ਗੱਟਿਆਂ ਦੀ ਪ੍ਰਵਾਹ ਨਾ ਕਰਦਾ, ਪੁੱਤਰਾਂ, ਧੀਆਂ, ਅੰਗਾਂ ਸਾਕਾਂ ਨੂੰ ਪਿਛਲੇ ਜਨਮ ਦੇ ਸੰਜੋਗੀ ਸਮਝ ਕੇ ਮਿਲ ਜੁਲ ਕੇ ਤਾਂ ਰਹਿੰਦਾ ਪਰ ਬਹੁਤੀ ਚਿੰਤਾ ਨਾ ਕਰਦਾ । ਅਕਾਲ ਪੁਰਖ ਦੀ ਦਾਤ ਸਮਝ ਕੇ ਹਉਮੈਂ ਤੋਂ ਦੂਰ ਹੀ ਰਹਿੰਦਾ, ਦਾਤਾਰ ਨੂੰ ਦਿਲੋਂ ਨਾ ਭੁਲਾਉਂਦਾ। ਆਈ ਵਸਤ ਦੀ ਉਹਨੂੰ ਬਹੁਤੀ ਖੁਸ਼ੀ ਨਾ ਹੁੰਦੀ ਅਤੇ ਗਈ ਵਸਤ ਦੇ ਉਹ ਕੀਰਨੇ ਨਾ ਪਾਉਂਦਾ । ਪ੍ਰਭੂ ਦੇ ਭਾਣੇ ਵਿਚ "ਸੱਭ ਹੱਛਾ" ਕਹਿ ਛਡਦਾ । ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਉਸ ਦਾ ਬਹੁਤ ਦਿਲ ਨਾ ਖੁਭਦਾ । ਵੇਹਲਾ ਸਮਾਂ ਉਹ ਗੁਰਬਾਣੀ ਪੜ੍ਹਨ ਅਤੇ ਵਿਚਾਰਨ ਕੀਰਤਨ ਕਰਨ ਅਤੇ ਸੁਣਨ, ਨਾਮ ਸਿਮਰਨ ਜਾਂ ਕੋਈ ਸੇਵਾ ਕਰਨ ਵਿਚ ਲਗਾਉਂਦਾ । ਉਹ ਆਪ ਨਾਮ ਜਪਦਾ ਅਤੇ ਹੋਰਨਾਂ ਨੂੰ ਅੰਮ੍ਰਿਤ ਛਕਕੇ ਨਾਮ ਸਿਮਰਨ ਲਈ ਪ੍ਰੇਰਦਾ। ਉਹ ਹਰ ਵੇਲੇ ਗੁਰਮਤਿ ਦੇ ਪਰਚਾਰ ਲਈ ਹੰਭਲੇ ਮਾਰਦਾ ਰਹਿੰਦਾ ਤਾਂ ਜੋ ਤਪਦੇ ਹਿਰਦੇ ਨਾਮ ਬਾਣੀ ਦੇ ਆਧਾਰ ਨਾਲ ਠੰਢੇ ਹੋਣ, ਦੁਨੀਆਂ ਵਿਚੋਂ ਵੈਰ ਵਿਰੋਧ ਖਤਮ ਹੋਵੇ, ਸਭ ਇਕ ਦੂਜੇ ਦੇ ਭੈਣ ਭਾਈ ਬਣ ਕੇ ਵਿਸ਼ਵ ਅਮਨ ਪੈਦਾ ਕਰਨ।



Namdhari Elibrary NamdhariElibrary@gmail.com

ਗੁਰਮੁਖ ਹਰ ਵੇਲੇ ਪਰਉਪਕਾਰ ਚਿਤਵਦਾ ਰਹਿੰਦਾ। ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢਦਾ ਅਤੇ ਉਸ ਨੂੰ ਲੋਕ ਭਲਾਈ ਤੇ ਲਾਉਂਦਾ। ਲੋਕ ਸੇਵਾ ਲਈ ਉਹ ਹਮੇਸ਼ਾ ਤਤਪਰ ਰਹਿੰਦਾ। ਬੀਮਾਰਾਂ ਨੂੰ ਦੁਆਈਆਂ ਦੇ ਦਿੰਦਾ ਅਤੇ ਪੜ੍ਹਿਆਂ ਲਿਖਿਆਂ ਨੂੰ ਗੁਰਮਤਿ ਸੰਬੰਧੀ ਪੁਸਤਕਾਂ ਪੜ੍ਹਨ ਲਈ ਦਿੰਦਾ ਰਹਿੰਦਾ ਤਾਂ ਜੋ ਲੋਕੀਂ ਵਹਿਮਾਂ ਭਰਮਾਂ ਨੂੰ ਛੱਡ ਕੇ ਗੁਰਮਤਿ ਦੇ ਸਿੱਧੇ ਸਾਧੇ ਗਾਡੀ ਰਾਹ ਤੇ ਚਲ ਕੇ ਸੁਖੀ ਹੋ ਸਕਣ। ਹਉਮੈਂ ਤੋਂ ਉਹ ਬਹੁਤ ਖਬਰਦਾਰ ਰਹਿੰਦਾ, ਸੇਵਾ ਕਰ ਕੇ ਉਹ ਜਿਤਲਾਉਂਦਾ ਨਾ। ਚੁਪ ਚੁਪੀਤਾ ਹੀ ਰਹਿੰਦਾ, ਆਪਣੇ ਆਪ ਨੂੰ ਨਿਮਾਣਾ ਸੇਵਕ ਸਮਝ ਕੇ ਨਿਸ਼ਕਾਮ ਸੇਵਾ ਵਿਚ ਜੁਟਿਆ ਰਹਿੰਦਾ।

ਸ਼ਾਮ ਨੂੰ ਗੁਰਮੁਖ ਆਪਣੇ ਸਾਰੇ ਪਰਵਾਰ ਨਾਲ ਮਿਲ ਕੇ "ਰਹਿਰਾਸ" ਦੇ ਪਾਠ ਤੋਂ ਬਾਦ ਕੀਰਤਨ ਕਰਦਾ, ਕੀਰਤਨ ਤੋਂ ਬਾਦ ਉਹ ਗਲ ਪਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਲੋ ਕੇ ਅਰਦਾਸ ਕਰਦਾ। ਪ੍ਰਿਥਮ ਸਤਿਨਾਮ (ਅਕਾਲ ਪੁਰਖ) ਨੂੰ ਸਿਮਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸੋਂ ਗੁਰੂ ਸਾਹਿਬਾਨ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਪੰਜਾਂ ਤਖਤਾਂ, ਸਭਹੂੰ ਸਿੰਘਾਂ ਸਿੰਘਣੀਆਂ, ਸ਼ਹੀਦਾਂ, ਗੁਰਮੁਖ ਪਿਆਰਿਆਂ ਦਾ ਧਿਆਨ ਧਰਦਾ ਅਤੇ ਉਨ੍ਹਾਂ ਦੀ ਪਵਿੱਤਰ ਕਰਨੀ ਕਮਾਈ ਤੋਂ ਬਲਿਹਾਰਨੇ ਵਾਰਨੇ ਜਾਂਦਾ ਨਿੱਤਨੇਮ ਦੇ ਪਾਠ ਅਤੇ ਕੀਰਤਨ ਕਰਦਿਆਂ ਹੋਇਆਂ ਭੁੱਲਾਂ ਚੁੱਕਾਂ ਦੀ ਮਾਫੀ ਮੰਗਦਾ ਅੱਗੋਂ ਨੂੰ ਸ਼ੁੱਧ ਬਾਣੀ ਪੜ੍ਹਨ ਅਤੇ ਕੀਰਤਨ ਕਰਨ ਲਈ ਜਾਚਨਾ ਕਰਦਾ। ਸਭਹੂੰ ਜੀਆਂ ਦੀ ਤੰਦਰੁਸਤੀ ਲਈ ਅਰਜ਼ ਕਰਦਾ। ਵਿਸ਼ੇ ਵਿਕਾਰਾਂ, ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ ਚੁਗਲੀ ਤੋਂ ਬਚਾ ਕੇ ਰੱਖਣ ਅਤੇ ਗੁਰਸਿੱਖੀ ਜੀਵਨ ਲਈ ਬੇਨਤੀ ਕਰਦਾ। ਦੇਗ ਤੇਗ ਫਤਹਿ, ਸਭਹੂੰ ਖਾਲਸਾ ਜੀ ਦੇ ਬੋਲ ਬਾਲੇ ਹੋਵਣ, ਰੱਛਿਆ ਰਿਐਤ ਅਤੇ ਧਰਮ ਦੀ ਜੈ ਜੈ ਕਾਰ ਲਈ ਜੋਦੜੀ ਕਰਦਾ। ਪਿਛਲੀਆਂ ਭੁਲਾਂ ਚੁਕਾਂ ਦੀ ਮੁਆਫੀ, ਸੁਆਸ ਸੁਆਸ ਨਾਮ ਚਿੱਤ ਆਵਨ, ਗੁਰਮੁਖਾਂ ਦੇ ਅੰਗ ਸਾਥ, ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਲਈ ਤਰਲਾ ਕੱਢ ਕੇ ਮੱਥਾ ਟੇਕ ਕੇ ਫਤਹਿ ਬੁਲਾ ਦਿੰਦਾ। ਗੁਰ ਹੁਕਮ ਪਾਇ ਕਰ ਸਾਰੇ ਜੀਅ ਆਪੋ ਆਪਣੇ ਬਿਸਤਰਿਆਂ ਤੇ ਚਲੇ ਜਾਂਦੇ। ਕੁਝ ਪੜ੍ਹਦੇ ਅਤੇ ਕੁਝ ਬਚਨ ਬਿਲਾਸ ਕਰਦੇ। ਸੌਣ ਲੱਗਿਆਂ "ਸੋਹਿਲੇ" ਦਾ ਪਾਠ ਹੁੰਦਾ ਅਤੇ ਨੀਂਦ ਦੀ ਗੋਦ ਵਿਚ ਚਲੇ ਜਾਂਦੇ।

ਇਕ ਦਿਨ ਅੰਮ੍ਰਿਤ ਵੇਲੇ ਦੀ ਸੱਚੀ ਕਾਰ ਤੋਂ ਬਾਦ ਗੁਰਮੁਖ ਨੇ ਕੁਝ



Namdhari Elibrary NamdhariElibrary@gmail.com

ਥਕਾਵਟ ਮਹਿਸੂਸ ਕੀਤੀ । ਉਹ ਪਲੰਘ ਤੇ ਲੇਟ ਗਿਆ । ਲੇਟਦਿਆਂ ਹੀ ਉਸਦੀ ਅੱਖ ਲਗ ਗਈ । ਸੁਫਨ ਬਿਰਤੀ ਵਿਚ ਉਸ ਨੇ ਆਪਣੇ ਆਪ ਨੂੰ ਸਾਧ ਸੰਗਤ ਵਿਚ ਹੋ ਰਹੇ ਨਿਰਬਾਣ ਕੀਰਤਨ ਵਿਚ ਬੈਠਾ ਪਾਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਮੁਗਧ ਹੋਈਆਂ ਬੈਠੀਆਂ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ । ਗੁਰਮੁਖ ਭੀ ਸਾਹਮਣੇ ਬੈਠਾ ਰਸ ਮਾਣ ਰਿਹਾ ਸੀ । ਕੀਰਤਨੀਏ ਹੇਠ ਲਿਖੇ ਸ਼ਬਦ ਦਾ ਕੀਰਤਨ ਕਰ ਰਹੇ ਸਨ :—

ਬਾਹਰ ਢੂਢਨ ਤੇ ਛੂਟਿ ਪਰੇ,
ਗੁਰਿ ਘਰਿ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ,
ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ,
ਮੋਲਿ ਅਮੋਲੁ ਨ ਪਾਇਆ ਜਾਈ,
ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮ,
ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ,
ਤਹ ਅੰਮ੍ਰਿਤ ਨਾਮ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ,
ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ,
ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ,
ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ,
ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥

(ਮਾਰੂ ਮ: ੫)



Namdhari Elibrary NamdhariElibrary@gmail.com

ਸ਼ਬਦ ਦੀ ਟੇਕ ਸੀ : "ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥ ਮੋਲਿ ਅਮੋਲ ਨ ਪਾਇਆ ਜਾਈ, ਕਰਿ ਕਿਰਪਾ ਗੁਰੂ ਦਿਵਾਇਆ ਥਾ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਖਤ ਦੇ ਖੱਬੇ ਪਾਸੇ ਗੋਰੇ ਰੰਗ ਦੁਧ ਚਿੱਟੇ ਦਾੜੇ ਵਾਲਾ ਇਕ ਬਜ਼ੁਰਗ ਸੁਰਮਈ ਦਸਤਾਰ ਤੇ ਖੰਡਾ ਚੱਕਰ ਸਜਾਈ ਚੌਕੜਾ ਮਾਰੀ ਅੱਖਾਂ ਬੰਦ ਕਰੀ ਕੀਰਤਨ ਦਾ ਅਨੰਦ ਲੈ ਰਿਹਾ ਸੀ। ਉਸ ਦਾ ਮਸਤਕ ਪਹੁ-ਫੁਟਾਲੇ ਵਾਂਗ ਦਗ ਦਗ ਕਰ ਰਿਹਾ ਸੀ। ਗੁਰਮੁਖ ਦੀ ਨਜ਼ਰ ਉਸ ਬਜ਼ੁਰਗ ਦੇ ਚਿਹਰੇ ਤੇ ਜਾ ਪਈ। ਸੂਰਜ ਚੜ੍ਹਨ ਵਾਂਗ ਉਸ ਬਜ਼ੁਰਗ ਦੇ ਚਿਹਰੇ ਦੁਆਲੇ ਪ੍ਰਕਾਸ਼ ਹੋਣਾ ਸ਼ੁਰੂ ਹੋ ਗਿਆ। ਗੁਰਮੁਖ ਨੇ ਜ਼ਰਾ ਗਹੁ ਨਾਲ ਦੇਖਣਾ ਸ਼ੁਰੂ ਕਰ ਦਿਤਾ। ਪ੍ਰਕਾਸ਼ ਤੇਜ਼ ਤੋਂ ਤੇਜ਼ ਹੁੰਦਾ ਗਿਆ। ਕੀਰਤਨੀਆਂ ਨੇ ਹੇਠ ਲਿਖੀ ਤੁਕ ਖਾਸ ਵਜਦ ਵਿਚ ਆਕੇ ਉਭਰਵੀਂ ਆਵਾਜ਼ ਵਿਚ ਉਚਾਰਨ ਕੀਤੀ :—

ਅਨਹਦ ਸਬਦੁ ਦਸਮ ਦੁਆਰਿ ਵਜਿਓ,<br>
ਤਹ ਅੰਮ੍ਰਿਤ ਨਾਮੁ ਚੁਆਇਆ ਥਾ।"

ਬਜ਼ੁਰਗ ਦੇ ਚਿਹਰੇ ਦਾ ਪ੍ਰਕਾਸ਼ ਹੋਰ ਉੱਜਲ ਹੋ ਚਮਕਿਆ। ਕਮਰੇ ਵਿਚ ਲਟਕੀ ਘੜੀ ਨੇ ਟੰਨ ਟੰਨ ਕਰ ਕੇ ਛੇ ਵਜਾਏ ਅਤੇ ਗੁਰਮੁਖ ਦੀ ਅੱਖ ਖੁਲ੍ਹ ਗਈ। "ਵਾਹੁ-ਗੁਰ" "ਵਾਹੁ-ਗੁਰ" ਕਰਦਾ ਗੁਰਮੁਖ ਪਲੰਘ ਤੋਂ ਉਠਿਆ ਅਤੇ ਸਤਿਗੁਰੂ ਜੀ ਦੇ ਕਮਰੇ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾ ਸੀਸ ਨਿਵਾਇਆ।

ਇਹ ਸੁਫਨ ਕੌਤਕ ਦੇਖ ਕੇ ਗੁਰਮੁਖ ਬਹੁਤ ਨਿਹਾਲ ਹੋਇਆ। ਉਸਨੇ ਸਤਿਗੁਰੂ ਦਾ ਲੱਖ ਲੱਖ ਸ਼ੁਕਰ ਕੀਤਾ। ਘੜੀ ਦੀ ਟੰਨ ਟੰਨ ਨੇ ਉਸਨੂੰ ਸਾਧ ਸੰਗਤਿ ਸਚ ਖੰਡ ਵਿਚੋਂ ਬਾਹਰ ਲਿਆ ਸੁੱਟਿਆ, ਇਸ ਗਲ ਦਾ ਉਸ ਨੂੰ ਇਕ ਛਿਨ ਅਫਸੋਸ ਹੋਇਆ ਪਰ ਫਿਰ ਸੰਭਲ ਗਿਆ ਅਤੇ ਸਤਿਗੁਰੂ ਦੇ ਭਾਣੇ ਨੂੰ ਸਤਿ ਕਰਕੇ ਸ਼ੁਕਰ ਸ਼ੁਕਰ ਕਰਨ ਲੱਗ ਪਿਆ।

ਗੁਰਮੁਖ ਨੂੰ ਸਾਰਾ ਦਿਨ ਨਸ਼ਾ ਜਿਹਾ ਚੜ੍ਹਿਆ ਰਿਹਾ। ਦੂਜੇ ਦਿਨ ਅੰਮ੍ਰਿਤ ਵੇਲੇ ਸਿਮਰਨ ਸਮੇਂ ਉਸ ਨੂੰ ਪਹਿਲਿਆਂ ਦਿਨਾਂ ਨਾਲੋਂ ਵਧੇਰੇ ਰਸ ਆਇਆ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਚੌਕੜਾ ਮਾਰੀ ਸਿਮਰਨ ਕਰ ਰਿਹਾ ਸੀ। ਕਦੇ ਕਦੇ ਉਸ ਦੀ ਅੱਖ ਖੁਲ੍ਹਦੀ ਤਾਂ ਸਾਹਮਣੇ ਰੁਮਾਲੇ ਤੇ ਉਕਰੇ ਖੰਡੇ ਚੱਕਰ ਦੀ ਝਲਕ ਪੈਂਦੀ। ਗੁਰਮੁਖ ਨਾਮ ਸਿਮਰਨ ਕਰਦਾ ਕਦੇ ਕਦੇ ਝੂਮ ਉਠਦਾ, ਗਰਦਨ ਅਤੇ



Namdhari Elibrary NamdhariElibrary@gmail.com

ਛਾਤੀ ਨੂੰ ਉੱਤੇ ਥੱਲੇ, ਸੱਜੇ ਖੱਬੇ ਹਰਕਤ ਦਿੰਦਾ। "ਵਾਹੁ ਵਾਹੁ" 'ਗੁਰ ਗੁਰ' ਕਰਦਾ ਖੁਰਾਟੇ ਮਾਰਦਾ ਜਿਸ ਕਾਰਨ ਕਮਰੇ ਵਿਚ ਇਕ ਗੂੰਜ ਜੇਹੀ ਪੈਦਾ ਹੁੰਦੀ; ਹੌਲੀ ਹੌਲੀ ਉਸ ਦੇ ਖੁਰਾਟਿਆਂ ਦੀ ਆਵਾਜ਼ ਮਧਮ ਪੈਂਦੀ ਗਈ ਅਤੇ ਟਿਕਾਉ ਵਧਦਾ ਗਿਆ। ਗੁਰਮੁਖ ਨੂੰ ਭਾਸਿਆ ਜਿਵੇਂ ਉਸ ਦੇ ਸਵਾਸਾਂ ਦੇ ਅੰਦਰ ਬਾਹਰ ਜਾਣ ਨਾਲ ਉਸ ਦੇ ਸਾਹਮਣੇ ਵਾਲੇ ਅਕਾਲੀ ਨਿਸ਼ਾਨ ਦਾ ਖੰਡਾ ਭੀ ਉੱਪਰ ਥੱਲੇ ਸੱਜੇ ਖੱਬੇ ਖੜਕ ਰਿਹਾ ਹੋਵੇ। ਖੰਡਾ ਖੜਕਣ ਕਾਰਨ ਚੱਕਰ ਨੇ ਭੀ ਰਫਤਾਰ ਪਕੜ ਲਈ ਹੋਵੇ ਅਤੇ ਸੱਜੇ ਖੱਬੇ ਤਣੀਆਂ ਕਿਰਪਾਨਾਂ ਪਹਿਰਾ ਦੇ ਰਹੀਆਂ ਹੋਵਨ ਅਤੇ ਕਹਿ ਰਹੀਆਂ ਹੋਵਣ—"ਨਸਿ ਵੰਞਹੁ ਕਿਲਵਿਖਹੁ"।

**ਖੰਡਾ** : ਨਾਮ ਸਿਮਰਨ ਦੀ ਕਿਰਿਆ



**ਚੱਕਰ** : ਸਤਿਨਾਮ ਦਾ ਸੂਰਜ

**ਸੱਜੇ ਖੱਬੇ ਤਣੀਆਂ ਕਿਰਪਾਨਾਂ :**

"ਨਸਿ ਵੰਞਹੁ ਕਿਲਵਿਖਹੁ" ਦੀਆਂ ਸੂਚਕ।

ਗੁਰਮੁਖ ਵਧੇਰੇ ਕਰ ਕੇ ਰਸਨਾ ਦੁਆਰਾ ਹੀ ਨਾਮ ਜਾਪਦਾ। ਦਿਨ ਵੇਲੇ ਉਹ ਸਵਾਸਾਂ ਰਾਹੀਂ ਨਾਮ ਸਿਮਰਨ ਕਰਦਾ। ਵਧੇਰੇ ਟਿਕਾਓ ਦੇ ਸਮੇਂ ਉਹ ਸੁਰਤੀ ਰਾਹੀਂ ਨਾਮ ਦਾ ਖੰਡਾ ਖੜਕਾਉਂਦਾ। ਇਸ ਤਰ੍ਹਾਂ ਉਹ "ਫੀਕੇ ਬਿਖੇ ਬਨ" (ਮਾਇਆ) ਨੂੰ ਤਿਆਗ ਕੇ ਅੰਮ੍ਰਿਤ ਨਾਮ ਦੇ ਮਹਾਰਸ ਨੂੰ ਖੀਵਾ ਹੋ ਹੋ ਪੀਂਵਦਾ ਅਤੇ ਸੁਖੀ ਥੀਂਵਦਾ। ਜਦੋਂ ਉਹ ਬਾਹਰੋਂ ਘਰ ਆਉਂਦਾ ਤਾਂ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਅਰਦਾਸ ਵਜੋਂ ਹੇਠਲੀ ਤੁਕ ਉਚਾਰਨ ਕਰਦਾ :—

"ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥"
(ਕਲਿਆਨ ਮ: ੪)

ਇਕ ਦਿਨ ਕੁਰਸੀ ਤੇ ਬੈਠੇ ਗੁਰਮੁਖ ਨੂੰ ਅਜੇਹੀ ਅੰਗੜਾਈ ਆਈ ਕਿ ਉਸ ਦੇ ਸਵਾਸਾਂ ਰਾਹੀਂ ਨਾਮ ਚਲਣ ਲਗ ਪਿਆ। ਉਸ ਨੂੰ ਇਉਂ ਮਹਿਸੂ ਹੋਇਆ ਕਿ "ਗੁਰ" ਸ਼ਬਦ ਉਸ ਦੀਆਂ ਨਾਸਾਂ ਤੋਂ ਸਿਵਾ ਉਸ ਦੇ ਰੋਮਾਂ ਵਿ ਭੀ ਨਿਕਲ ਰਿਹਾ ਹੋਵੇ ਜਿਵੇਂ ਜਾਲੀ ਵਿਚੋਂ ਹਵਾ ਬਾਹਰ ਆਉਂਦੀ ਹੈ। ਸੁ ਸਿੱਧ ਹੀ, ਅਚਿੰਤੇ ਹੀ ਇਹ ਕਉਤਕ ਵਰਤ ਗਿਆ। ਇਸ ਵੇਲੇ ਉਸ



Namdhari Elibrary NamdhariElibrary@gmail.com

ਹੇਠ ਲਿਖੀ ਤੁਕ ਯਾਦ ਆਈ :—

ਪੂਰੇ ਗੁਰ ਤੇ ਵਡਿਆਈ ਆਈ,
ਅਚਿੰਤ ਨਾਮੁ ਵਸਿਆ ਮਨਿ ਆਈ।

(ਬਿਲਾਵਲੁ ਮ: ੫)

ਸਹਿਜ ਸੁਭਾ ਹੀ ਗੁਰਮੁਖ ਦੇ ਅੰਦਰੋਂ ਨਾਮ ਦਾ ਫੁਹਾਰਾ ਫੁੱਟ ਪਿਆ ਸੀ। ਉਸ ਦਾ ਮਨ ਠੰਡਾ ਠਾਰ ਹੋ ਗਿਆ ਸੀ। ਉਹ ਇਕ ਅਗੰਮੀ ਅਨੰਦ ਮਾਣ ਰਿਹਾ ਸੀ। ਉਹ ਨਦਰੀ ਨਦਰ ਨਿਹਾਲ ਹੋ ਰਿਹਾ ਸੀ ਅਤੇ ਸਤਿਗੁਰੂ ਦੀ ਮੇਹਰ ਦਾ ਧੰਨਵਾਦ ਕਰ ਰਿਹਾ ਸੀ। ਉਸਦਾ ਰੋਮ ਰੋਮ ਹਰੀ ਦਾ ਸਿਮਰਨ ਕਰ ਰਿਹਾ ਸੀ ਅਤੇ ਵਿੱਚ ਉਹ ਅਜਬ ਸਰੂਰ ਵਿਚ ਝੂਮ ਰਿਹਾ ਸੀ।

ਗੁਰਮੁਖਿ ਸਾਚੇ ਕਾ ਭਉ ਪਾਵੈ।
ਗੁਰਮੁਖਿ ਬਾਣੀ ਅਘੜੁ ਘੜਾਵੈ।
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ।
ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।
ਨਾਨਕ ਗੁਰਮੁਖਿ ਸਾਚਿ ਸਮਾਵੈ ॥ ੨੭ ॥

(ਰਾਮਕਲੀ ਮ: ੧ ਸਿਧ ਗੋਸਟਿ)

—o—



Namdhari Elibrary NamdhariElibrary@gmail.com

## ੧੬

# ਹਾਲ ਮੁਰੀਦਾਂ ਦਾ

"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ।
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ..."

"ਉਠ ਨੀਂ ਛਿੰਦਰ ! ਉਠਕੇ ਦੁੱਧ ਲਿਆ, ਛੇ ਬਜ ਗਏ ਨੇ", ਪਾਠ ਕਰਦੀ ਹੋਈ ਬਲਵੰਤ ਕੌਰ ਬਿਸਤਰੇ ਵਿਚ ਸੁੱਤੀ ਪਈ ਆਪਣੀ ਧੀ ਨੂੰ ਹਲੂਣਦਿਆਂ ਹੋਇਆਂ ਬੋਲੀ । ਬਲਵੰਤ ਕੌਰ ਅੰਦਰ ਬਾਹਰ ਫਿਰਦੀ ਘਰ ਦਾ ਕੰਮ ਧੰਦਾ ਕਰਦੀ ਨਾਲੋਂ ਨਾਲ ਜਪੁਜੀ ਸ਼ਾਹਿਬ ਦਾ ਪਾਠ ਕਰ ਰਹੀ ਸੀ ।

"ਭਰੀਐ ਹਥੁ ਪੈਰੁ ਤਨੁ ਦੇਹ ।
ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜੁ ਹੋਇ ।
ਦੇ ਸਾਬੂਣੁ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ ।
ਓਹੁ ਧੋਪੈ ਨਾਵੈ ਕੈ ਰੰਗਿ......

"ਵੇ ਪੱਪੂ ਬੂਹਾ ਭੇੜ ਲਈਂ ਮੈਂ ਗੁਰਦੁਆਰੇ ਚਲੀਆਂ", ਬੂਹਿਉਂ ਬਾਹਰ ਨਿਕਲਦੀ ਬਲਵੰਤ ਕੌਰ ਨੇ ਆਪਣੇ ਪੁੱਤਰ ਨੂੰ ਉੱਚੀ ਦੇਣੀ ਕਿਹਾ ।

ਬਲਵੰਤ ਕੌਰ ਲੋਕਾਂ ਨੂੰ ਸੁਣਾ ਸੁਣਾ ਕੇ ਪਾਠ ਕਰਦੀ ਗੁਰਦੁਆਰੇ ਪੁੱ ਗਈ । ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਕੌਲੀ ਵ ਆਟਾ ਇਕ ਪਾਸੇ ਰੱਖੇ ਪੀਪੇ ਵਿਚ ਪਾਕੇ ਉਹ ਗੁਰੂ ਸਾਹਿਬ ਤੇ ਚੌਰ ਝੁਲਾਉਣ ਲੱ



Namdhari Elibrary NamdhariElibrary@gmail.com

ਪਈ। ਬੋਹੜੀ ਦੇਰ ਚੌਰ ਝੁਲਾਉਣ ਤੋਂ ਬਾਦ ਉਸ ਨੇ ਮੰਜੀ ਸਾਹਿਬ ਦੇ ਪਾਵਿਆਂ ਦੀਆਂ ਮੁੱਠੀਆਂ ਭਰੀਆਂ, ਗੁਰਦੁਆਰੇ ਅੰਦਰ ਲਟਕ ਰਹੇ ਕਲੰਡਰਾਂ ਦੀਆਂ ਫੋਟੋਆਂ ਤੇ ਹੱਥ ਫੇਰਕੇ ਆਪਣੀਆਂ ਅੱਖਾਂ ਤੇ ਲਾਇ ਅਤੇ ਇਕ ਪਾਸੇ ਹੋ ਕੇ ਅੱਖਾਂ ਬੰਦ ਕਰ ਕੇ ਪਾਠ ਸੁਣਨ ਲੱਗ ਪਈ, ਕੁਝ ਮਿੰਟਾਂ ਬਾਦ ਉਹ ਉੱਠੀ ਅਤੇ ਗੁਰਦੁਆਰੇ ਦੇ ਬੂਹੇ ਅੱਗੇ ਪਈਆ ਜੁੱਤੀਆਂ ਨੂੰ ਝਾੜਨ ਲਗ ਪਈ। ਜੁੱਤੀਆਂ ਨਾਲੋਂ ਝੜੀ ਮਿੱਟੀ ਉਸਨੇ ਇਕੱਠੀ ਕਰਕੇ ਆਪਣੀ ਚੁੰਨੀ ਦੇ ਲੜ ਬੰਨ੍ਹ ਲਈ ਅਤੇ ਹੱਥ ਧੋ ਕੇ ਫਿਰ ਗੁਰਦੁਆਰੇ ਦੇ ਅੰਦਰ ਚਲੀ ਗਈ। ਆਪਣੀ ਕੌਲੀ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਖਤ ਥੱਲੇ ਪਏ ਪਾਣੀ ਦੇ ਘੜੇ ਵਿਚੋਂ ਭਰੀ ਅਤੇ ਮੱਥਾ ਟੇਕ ਕੇ ਵਾਪਸ ਘਰ ਨੂੰ ਚਲ ਪਈ, ਉਸਦੇ ਅੱਗੇ ਅੱਗੇ ਸ਼ਾਮ ਕੌਰ ਜਾ ਰਹੀ ਸੀ। ਆਪਣੀ ਤੋਰ ਤੇਜ ਕਰਕੇ ਉਹ ਉਸ ਨਾਲ ਜਾ ਰਲੀ ਅਤੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸ਼ਾਮ ਕੌਰ ਦੇ ਬਰਾਬਰ ਹੁੰਦਿਆਂ ਉਹ ਇਉਂ ਬੋਲੀ, "ਭੈਣ ਜੀ ਅੱਜ ਤਾਂ ਗੁਰਦੁਆਰੇ ਦਾ ਲੌਡ ਸਪੀਕਰ ਬਹੁਤ ਦਿਨ ਚੜ੍ਹੇ ਬੋਲਿਆ। ਸਾਢੇ ਪੰਜ ਬਜੇ ਹੌਲੀ ਹੌਲੀ ਗੁਣ ਗੁਣ ਸੁਣਨ ਲਗੀ ਸੀ, ਫੇਰ ਬੋਲ ਤੇਜ ਹੁੰਦਾ ਗਿਆ ਤਾਂ 'ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ' ਵਾਲਾ ਸਲੋਕ ਕੰਨੀਂ ਪਿਆ।"

"ਹਾਂ ਭੈਣ ਜੀ ! ਭਾਈ ਨੇ ਅੱਜ ਗਿਆਰ੍ਹਵੀਂ ਅਸ਼ਟਪਦੀ ਵਿਚੋਂ ਹੀ ਪਾਠ ਸ਼ੁਰੂ ਕੀਤਾ ਸੀ। ਜਿਸ ਦਿਨ ਇਹ ਕਿਤੇ ਰਾਤ ਨੂੰ ਸਿਨਮੇ ਚਲਿਆ ਜਾਂਦਾ ਆ ਅਰ ਸਵੇਰ ਨੂੰ ਛੇਤੀ ਜਾਗ ਨਹੀਂ ਖੁਲ੍ਹਦੀ ਤਾਂ ਇਹ ਵਿਚੋਂ ਹੀ ਪਾਠ ਸ਼ੁਰੂ ਕਰ ਦਿੰਦਾ ਆ।" ਸ਼ਾਮ ਕੌਰ ਨੇ ਅਗੋਂ ਕਿਹਾ।

"ਭੈਣ ਜੀ ! ਕਮੇਟੀ ਵਾਲੇ ਬੀ ਇਹਨੂੰ ਪੁੱਛਦੇ ਨੀ। ਜੇ ਮੇਰਾ ਬੱਸ ਚੱਲੇ ਤਾਂ ਮੈਂ ਇਹਨੂੰ ਇਕ ਦਮ ਗੁਰਦੁਆਰਿਉਂ ਕੱਢ ਦਿਆਂ", ਬਲਵੰਤ ਕੌਰ ਜ਼ਰਾ ਰੋਹ ਵਿਚ ਬੋਲੀ।

"ਕਮੇਟੀ ਵਾਲੇ ਜੇ ਆਪ ਚੰਗੇ ਹੋਣ ਤਾਂ ਭਾਈ ਨੂੰ ਪੁੱਛਣ। ਜਿਹੜੇ ਆਪ ਸ਼ਰਾਬੀ ਕਬਾਬੀ ਹਨ ਅਰ ਅੱਧੇ ਦਿਨ ਤਕ ਸੁੱਤੇ ਰਹਿੰਦੇ ਹਨ ਉਹ ਭਾਈ ਨੂੰ ਕਿਵੇਂ ਬਰਜ ਸਕਦੇ ਹਨ।" ਸ਼ਾਮ ਕੌਰ ਨੇ ਗੱਲ ਵਿਚ ਗੱਲ ਰਲਾਈ।

"ਹਾਏ ਓਏ ! ਮਾਰਤਾ ਮਾਰਤਾ......" ਛਿੰਦਰ ਦੀ ਘਰ ਅੰਦਰੋਂ ਲੇਰ ਨਿਕਲੀ। "ਵੇ ਫਾਹੇ ਔਣਿਓਂ ਕੀ ਹੋ ਗਿਆ ਧੁਆਨੂੰ ਸਵੇਰੇ ਸਵੇਰੇ", ਘਰ ਅੰਦਰ ਵੜਦੀ ਬਲਵੰਤ ਕੌਰ ਚੀਂਕੀ।



Namdhari Elibrary NamdhariElibrary@gmail.com

ਬਲਵੰਤ ਕਰ ਦੀ ਭਬਕ ਸੁਣਦੇ ਸਾਰ ਹੀ ਪੱਪੂ ਲੁਕ ਗਿਆ ਅਤੇ ਛਿੰਦਰ ਰੋਂਦੀ ਰੋਂਦੀ ਆਪਣੀ ਮਾਂ ਨੂੰ ਦੱਸਣ ਲੱਗੀ "ਮੈਨੂੰ ਚਾਹ ਨਹੀਂ ਸੀ ਧਰਨ ਦਿੰਦਾ। ਗੁੜ ਖੋਂਹਦਾ ਸੀ। ਮੇਰੇ ਮੁੱਕਾ ਮਾਰਕੇ ਭੱਜ ਗਿਆ।"

"ਬਾਹਰ ਨਿਕਲ ਪੱਪੂ ਬੱਚਿਆ, ਤੇਨੂੰ ਪੱਛੀ ਲਾਵਾਂ। ਹਰ ਵੇਲੇ ਤੇਨੂੰ ਮਿੱਠਾ ਖਾਣ ਦੀ ਈ ਅੱਗ ਲਗੀ ਰਹਿੰਦੀ ਆ", ਬਲਵੰਤ ਕੋਰ ਗੁੱਸੇ ਵਿਚ ਬੋਲੀ।

ਬਲਵੰਤ ਕੋਰ ਨੇ ਕੋਲੀ ਵਿਚਲਾ ਪਾਣੀ ਜਿਸ ਨੂੰ ਉਹ ਅੰਮ੍ਰਿਤ ਸਮਝਦੀ ਸੀ, ਅੰਦਰ ਬਾਹਰ ਛਿੜਕਿਆ, ਚੁੰਨੀ ਲੜੋਂ ਚਰਨ ਧੂੜ ਖੋਲ੍ਹ ਕੇ ਆਪਣੇ ਅਰ ਨਿਆਣਿਆਂ ਦੇ ਟਿੱਕੇ ਲਾਏ, ਘਰ ਅੰਦਰ ਲਟਕ ਰਹੀਆਂ ਫੋਟੋਆਂ ਨੂੰ ਧੂਫ ਧੁਖਾ-ਇਆ ਅਤੇ ਘਰ ਦੇ ਕੰਮ ਵਿਚ ਜੁਟ ਗਈ।

—o—

"ਸੈਕਟਰੀ ਸਾਹਿਬ ! ਭਾਈ ਨੂੰ ਕਹਿ ਦਿਓ ਕਿ ਪੂਰਨਮਾਸ਼ੀ ਬਰਤ ਦੀ ਕਥਾ ਕਰਿਆ ਕਰੇ। ਅਸੀਂ ਬੁੜ੍ਹੀਆਂ ਨੂੰ ਥੋੜ੍ਹੀ ਨਰਾਜ਼ ਕਰਨਾ। ਹਿੰਮਤ ਸਿੰਘ ਦੀ ਕੇਹੜੀ ਗੱਲ ਐ। ਉਨੇ ਤੇ ਨੁਕਤਾਚੀਨੀ ਕਰਦੇ ਹੀ ਰਹਿਣਾ। ਉਹ ਤੇ ਕਦੀ ਕਹਿੰਦਾ ਕੱਚੀ ਬਾਣੀ ਨਾ ਪੜ੍ਹੋ, ਕਦੀ ਕਹਿੰਦਾ ਬਰਤ ਦੀ ਕਥਾ ਨਾ ਕਰੋ। ਉਹਦੀ ਅਸੀਂ ਕੇਹੜੀ ਕੇਹੜੀ ਗੱਲ ਮੰਨੀਏ। ਨਾਲੇ ਹੁਣ ਅਸੀਂ ਚੋਣ ਵੀ ਤੇ ਲੜ੍ਹਨੀ ਐ", ਮੁੱਛਾਂ ਨੂੰ ਤਾ ਦਿੰਦੇ ਹੋਏ ਪ੍ਰਧਾਨ ਤਖਤ ਸਿੰਘ ਨੇ ਆਪਣੇ ਸਾਹਮਣੇ ਬੈਠੇ ਗੁਰਦੁਆਰੇ ਦੇ ਸੈਕਟਰੀ ਨੂੰ ਕਿਹਾ।

"ਨਾਲੇ ਐਤਕੀਂ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਉਣਾ ਆ। ਕੋਈ ਬਾਹਰੋਂ ਚੰਗਾ ਜਿਹਾ ਕੀਰਤਨੀ ਜਾਂ ਢਾਡੀ ਜੱਥਾ ਮੰਗਵਾ ਲਓ। ਗੋਲ੍ਹਕ ਖੋਲ੍ਹ ਕੇ ਦੇਖੋ ਕਿੰਨੀ ਕੁ ਮਾਇਆ ਨਿਕਲਦੀ ਐ, ਜੇ ਪੈਸੇ ਥੁੜਦੇ ਹੋਣ ਤਾਂ ਮੇਰੇ ਕੋਲੋਂ ਦੋ ਚਾਰ ਸੋ ਲੈ ਲੈਣਾ, ਅਲੈਕਸ਼ਨ ਬੀ ਤਾਂ ਜਿਤਣੀ ਹੋਈ ਨਾ" ਸਕੱਤਰ ਨੂੰ ਹਦਾਇਤਾਂ ਦਿੰਦੇ ਹੋਏ ਪ੍ਰਧਾਨ ਸਾਹਿਬ ਨੇ ਇਉਂ ਕਿਹਾ।

ਕੁਝ ਦਿਨਾਂ ਬਾਦ ਗੁਰਪੁਰਬ ਦੇ ਸੰਬੰਧ ਵਿਚ ਗੁਰਦੁਵਾਰੇ ਅਖੰਡ ਪਾਠ ਰੱਖਿਆ ਗਿਆ। ਦੋ ਦਿਨ ਤੇ ਦੋ ਰਾਤਾਂ ਲਾਊਡ ਸਪੀਕਰ ਨੇ ਬੱਚਿਆਂ ਨੂੰ ਪੜ੍ਹਨ ਨਾ ਦਿੱਤਾ। ਸਵੇਰ, ਦੁਪਹਿਰ ਅਤੇ ਸ਼ਾਮ ਨੂੰ ਲਾਊਡ ਸਪੀਕਰ ਤੇ ਗੁਰਪੁਰਬ ਦਾ ਪ੍ਰੋਗਰਾਮ ਦੱਸਿਆ ਜਾਂਦਾ ਰਿਹਾ। ਬਾਹਰੋਂ ਆ ਰਹੇ ਢਾਡੀ ਜੱਥੇ ਵਾਰੇ ਲੋਕਾਂ ਨੂੰ ਗਿਆਤ ਕਰਵਾਇਆ ਜਾਂਦਾ ਰਿਹਾ।



Namdhari Elibrary NamdhariElibrary@gmail.com

ਗੁਰਪੁਰਬ ਵਾਲੇ ਦਿਨ ਗੁਰਦੁਆਰੇ ਬੜੀ ਗਹਿਮਾ ਗਹਿਮ ਸੀ। ਹਾਲ ਝੰਡੀਆਂ ਨਾਲ ਸਜਿਆ ਪਿਆ ਸੀ। ਕਥਾ ਕੀਰਤਨ ਦੀ ਚਰਚਾ ਅਤੇ ਵਖਿਆਨ ਹੋ ਰਹੇ ਸਨ। ਇਕ ਪਾਸੇ ਸੰਗਤਾਂ ਲਈ ਲੰਗਰ ਤਿਆਰ ਹੋ ਰਿਹਾ ਸੀ, ਬੱਚੇ ਬੜੇ ਉਤਸ਼ਾਹ ਨਾਲ ਸੇਵਾ ਕਰ ਰਹੇ ਸਨ। ਪ੍ਰਧਾਨ ਜੀ ਦਸ ਕੁ ਵਜੇ ਦੇ ਕਰੀਬ ਘਰੋਂ ਆਏ। ਜਿਧਰੋਂ ਦੀ ਉਹ ਲੰਘਦੇ ਲਪਟਾਂ ਛਡਦੇ ਜਾ ਰਹੇ ਸਨ।

ਪ੍ਰਧਾਨ ਜੀ ਨੇ ਉਸ ਦਿਨ ਪਗੜੀ ਖੂਬ ਘੁੱਟਕੇ ਬੰਨ੍ਹੀ ਅਤੇ ਦਾੜ੍ਹੀ ਨੂੰ ਫਿਕਸੋ ਲਗਾ ਕੇ ਕਾਫ਼ੀ ਦੇਰ ਠਾਠਾ ਬੰਨ੍ਹੀ ਰੱਖਿਆ। ਇਕ ਲੀਰ ਉਨ੍ਹਾਂ ਮੁੱਛਾਂ ਤੇ ਭੀ ਬੰਨ੍ਹੀ ਹੋਈ ਸੀ ਤਾਂ ਜੋ ਮੁੱਛਾਂ ਭੀ ਚੰਗੀ ਤਰ੍ਹਾਂ ਬੈਠ ਜਾਣ। ਪ੍ਰਧਾਨ ਜੀ ਨੇ ਦਾੜ੍ਹੀ ਨੂੰ ਕਲਫ ਇਕ ਦਿਨ ਪਹਿਲਾਂ ਹੀ ਲਗਾ ਲਈ ਸੀ। ਉਨ੍ਹਾਂ ਨੂੰ ਤੌਖਲਾ ਸੀ ਕਿ ਸ਼ਾਇਦ ਗੁਰਪੁਰਬ ਵਾਲੇ ਦਿਨ ਉਨ੍ਹਾਂ ਨੂੰ ਕਲਫ ਲਗਾਉਣ ਲਈ ਸਮਾਂ ਮਿਲੇ ਜਾਂ ਨਾ। ਗੁਰਦੁਆਰੇ ਨੂੰ ਜਾਣ ਤੋਂ ਪਹਿਲਾਂ ਉਨ੍ਹਾਂ ਵਿਸਕੀ ਦਾ ਇਕ ਪੈਗ ਪੀਤਾ ਅਤੇ ਦਾੜ੍ਹੀ ਅਰ ਕਪੜਿਆਂ ਤੇ ਸੈਂਟ ਛਿੜਕਿਆ ਤਾਂ ਜੋ ਸੈਂਟ. ਦੀ ਖ਼ੁਸ਼ਬੂ ਵਿਚ ਸ਼ਰਾਬ ਦੀ ਬਦਬੂ ਦਾ ਪਤਾ ਨਾ ਲੱਗੇ। ਸ਼ੀਸ਼ੇ ਸਾਹਮਣੇ ਖਲੋਕੇ ਆਪਣੀ ਮੇਕ-ਅਪ ਨੂੰ ਚੰਗੀ ਤਰ੍ਹਾਂ ਜਾਂਚਿਆ ਤ੍ਰੁੱਟੀਆਂ ਨੂੰ ਦੂਰ ਕੀਤਾ ਅਤੇ ਫੂੰ ਫੂੰ ਕਰਦੇ ਹੋਏ ਗੁਰੂ ਦੇ ਦੁਆਰੇ ਨੂੰ ਚੱਲ ਪਏ।

ਗੁਰਦੁਆਰੇ ਮੱਥਾ ਟੇਕ ਕੇ ਪ੍ਰਧਾਨ ਜੀ ਸੈਕਟਰੀ ਸਾਹਿਬ ਦੇ ਕੋਲ ਸਟੇਜ ਤੇ ਚੌਕੜਾ ਮਾਰਕੇ ਬਹਿ ਗਏ। ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਪ੍ਰਧਾਨ ਜੀ ਨੇ ਫੱਟ ਨਵਾਂ ਨਿਕੋਰ ਨੋਟ ਜੇਬ ਵਿਚੋਂ ਕੱਢ ਕੇ ਕੀਰਤਨੀਆਂ ਦੀ ਭੇਟ ਕਰ ਦਿੱਤਾ। ਨੋਟ ਦੇਖਦੇ ਹੀ ਕੀਰਤਨੀਆਂ ਨੂੰ ਸ਼ਬਦ ਦੀ ਤੁਕ ਭੁੱਲ ਗਈ ਅਤੇ ਪ੍ਰਧਾਨ ਸਾਹਿਬ ਦੀਆਂ ਸਿਫਤਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿਤੇ। ਕੀਰਤਨ ਤੋਂ ਬਾਦ ਢਾਡੀ ਜੱਥੇ ਦੀ ਵਾਰੀ ਆਈ। ਉਨ੍ਹਾਂ ਨੇ ਤਾਂ ਹੱਦ ਹੀ ਮੁਕਾ ਦਿੱਤੀ। ਉਨ੍ਹਾਂ ਨੇ ਪ੍ਰਧਾਨ ਸਾਹਿਬ ਦੀਆਂ ਸਿਫਤਾਂ ਦੇ ਇੰਨੇ ਪੁਲ ਬੰਨ੍ਹੇ ਕਿ ਪ੍ਰਧਾਨ ਜੀ ਫੁੱਲੇ ਨਾ ਸਮਾਉਣ। ਕਹਿਣ ਨੂੰ ਤਾਂ ਗੁਰਦੁਆਰੇ ਗੁਰੂ ਦਾ ਪੁਰਬ ਮਨਾਇਆ ਜਾ ਰਿਹਾ ਸੀ ਪਰ ਅਸਲ ਵਿਚ ਗੁਰੂ ਦੀ ਕੀਰਤੀ ਦੀ ਥਾਂ ਪ੍ਰਧਾਨ ਸਾਹਿਬ ਦੀ ਬੱਲੇ ਬੱਲੇ ਦਾ ਹੀ ਪ੍ਰਚਾਰ ਹੋ ਰਿਹਾ ਸੀ। ਇਉਂ ਭਾਸਦਾ ਸੀ ਕਿ ਜਿਵੇਂ ਗੁਰਦੁਆਰਾ ਕਮੇਟੀ ਦੀ ਚੋਣ ਵਾਸਤੇ ਪ੍ਰਧਾਨ ਜੀ ਦੇ ਹੱਕ ਵਿਚ ਪ੍ਰਚਾਰ ਜਲਸਾ ਹੋ ਰਿਹਾ ਹੋਵੇ।

—o—



Namdhari Elibrary NamdhariElibrary@gmail.com

ਸਰਦਾਰ ਜੀ ਦੀ ਕਿਸਮਤ ਨੇ ਪਲਟਾ ਖਾਧਾ। ਇਸ ਸਾਲ ਠੇਕੇ ਵਿਚੋਂ ਕਾਫੀ ਲਾਭ ਹੋਇਆ, ਸਰਦਾਰ ਜੀ ਨੇ ਮੋਟਰ-ਸਾਈਕਲ ਲੈ ਲਿਆ ਅਤੇ ਆਪਣੀ ਅਮੀਰੀ ਦੀ ਨੁਮਾਇਸ਼ ਦਿਖਾਉਣ ਲਈ ਅੰਗਾਂ ਸਾਕਾਂ ਦੇ ਫੇਰੇ ਪਾਉਣੇ ਅਰੰਭ ਦਿੱਤੇ ਆਪਣੇ ਵਡੱਪਣ ਦੀ ਮਸ਼ਹੂਰੀ ਵਾਸਤੇ ਉਨ੍ਹਾਂ ਨੂੰ ਇਕ ਤਜਵੀਜ਼ ਸੁੱਝੀ। ਉਹ ਆਪਣੇ ਇਲਾਕੇ ਦੇ ਸੰਤ ਜੀ ਪਾਸ ਗਏ ਅਤੇ ਉਨ੍ਹਾਂ ਦੀ ਸਲਾਹ ਨਾਲ ਅਖੰਡ ਪਾਠ ਕਰਾਉਣ ਦੀ ਤਾਰੀਖ ਪੱਕੀ ਕਰ ਲਈ। ਘਰ ਆ ਕੇ ਅਖੰਡ ਪਾਠ ਦੀਆਂ ਤਿਆ-ਰੀਆਂ ਅਰੰਭ ਦਿੱਤੀਆਂ।

ਸੰਤ ਜੀ ਨੇ ਆਪਣੇ ਜਥੇ ਸਮੇਤ ਅਖੰਡ ਪਾਠ ਰੱਖਣ ਤੋਂ ਇਕ ਦਿਨ ਪਹਿਲਾਂ ਹੀ ਆਣ ਦਰਸ਼ਨ ਦਿੱਤੇ। ਘਰ ਵਿਚ ਗਹਿਮਾ ਗਹਿਮ ਹੋ ਗਈ। ਹਰ ਪਾਸੇ ਛੋਟੇ ਵੱਡੇ ਬੱਚੇ ਬੁੱਢੇ ਚਿੱਟੇ ਕੱਪੜਿਆਂ ਵਾਲੇ ਸੰਤ ਹੀ ਸੰਤ ਨਜ਼ਰ ਆਉਣ।

ਅਗਲੇ ਦਿਨ ਸਵੇਰੇ ਅਖੰਡ ਪਾਠ ਰੱਖਣ ਲਈ ਵੱਡੇ ਸੰਤ ਜੀ ਨੇ ਘਰ ਵਾਲਿਆਂ ਨੂੰ ਹਦਾਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਔਹ ਨਹੀਂ ਕਰਨਾ ਔਹ ਨਹੀਂ ਕਰਨਾ, ਇਹ ਮਰਯਾਦਾ ਦੇ ਉਲਟ ਹੈ, ਸਾਡੀ ਮਰਯਾਦਾ ਇਉਂ ਹੈ ਆਦਿ ਸੰਤਾਂ ਦੇ ਬਚਨਾਂ ਨੇ ਘਰ ਵਾਲਿਆਂ ਨੂੰ ਵਖਤ ਪਾ ਦਿੱਤਾ।

ਸਵੇਰੇ ਸ਼ਬਦ ਕੀਰਤਨ ਤੋਂ ਬਾਦ ਅਖੰਡ ਪਾਠ ਅਰੰਭ ਕਰ ਦਿੱਤਾ ਗਿਆ। ਪ੍ਰਸ਼ਾਦ ਵਰਤਣ ਤੋਂ ਬਾਦ ਸਾਰੇ ਆਪੋ ਆਪਣੇ ਕਾਰ ਵਿਹਾਰਾਂ ਤੇ ਚਲੇ ਗਏ ਅਤੇ ਵੱਡੇ ਸੰਤ ਜੀ ਆਪਣੇ ਨਵੇਕਲੇ ਕਮਰੇ ਵਿਚ ਜਾ ਬਿਰਾਜੇ। ਜਿਹੜਾ ਭੀ ਘਰ ਵਾਲਿਆਂ ਦਾ ਗੂੜ੍ਹਾ ਮਿੱਤਰ ਆਉਂਦਾ ਉਹ ਉਸਨੂੰ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਾਉਂਦੇ। ਆਉਣ ਵਾਲੇ ਸੱਜਣ ਨੂੰ ਇਕੋ ਹੀ ਘਰ ਵਿਚ ਦੋ ਮਹਾਰਾਜਿਆਂ ਅਗੇ ਭੇਟਾ ਚਾੜ੍ਹਨੀ ਪੈਂਦੀ। ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਤੇ ਦੂਜੀ ਸੰਤ ਜੀ ਮਹਾਰਾਜ ਅੱਗੇ। ਮਾਨੋ ਇਕ ਹੀ ਥਾਂ ਦੋ ਗਦੀਆਂ ਲੱਗੀਆਂ ਹੋਈਆਂ ਸਨ।

ਰਾਤ ਨੂੰ ਪਾਠ ਦੇ ਹੁੰਦਿਆਂ ਹੋਇਆਂ ਹੀ ਸੰਤ ਜੀ ਨੇ ਆਪਣਾ ਵਖਿਆਨਮਈ ਕੀਰਤਨ ਅਰੰਭ ਕਰ ਦਿੱਤਾ। ਸੇਵਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਮਾਈਕਰੋਫੂਨ (Microphone) ਚੁੱਕ ਕੇ ਸੰਤ ਜੀ ਅਗੇ ਰੱਖ ਦਿੱਤਾ ਅਤੇ ਲਾਊਡ ਸਪੀਕਰ ਵਿਚੋਂ ਗੁਰਬਾਣੀ ਦੇ ਪਾਠ ਦੀ ਥਾਂ ਸੰਤ ਜੀ ਦੇ ਬੋਲ ਸੁਣਨ ਲੱਗ ਪਏ। ਸ਼ਾਇਦ ਸੰਤ ਜੀ ਮਹਾਰਾਜ ਭਗਤਾਂ ਭੱਟਾਂ ਦੀ ਬਾਣੀ ਨਾਲ ਆਪਣਾ ਵਖਿਆਨ ਰਲਾ ਕੇ ਗੁਰਬਾਣੀ ਦੀਆ ਤਰੁਟੀਆਂ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਹੋਣ



Namdhari Elibrary NamdhariElibrary@gmail.com

ਅਤੇ ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡ ਖੰਡ ਕਰਕੇ ਆਪਣੇ ਬਚਨਾਂ ਦੁਆਰਾ ਸੰਪੂਰਨ ਕਰ ਰਹੇ ਹੋਣ।

ਕਦੇ ਗੁਰਬਾਣੀ ਅਤੇ ਕਦੇ ਸੰਤ ਵਖਿਆਨ ਦਾ ਰਲਵਾਂ ਮਿਲਵਾਂ ਅਖੰਡ ਪਾਠ ਸੁਣਦਿਆਂ ਭੋਗ ਦਾ ਦਿਨ ਆ ਗਿਆ। ਸੰਤ ਜੀ ਨੇ ਭੋਗ ਦੇ ਸਮੇਂ ਸੰਗਤਾਂ ਨੂੰ ਆ ਦਰਸ਼ਨ ਦਿੱਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਉਹ ਇਕ ਨਿਵੇਕਲੀ ਚੱਦਰ ਤੇ ਆਸਣ ਲਗਾਈ ਬੈਠੇ ਸਨ। ਪਾਠ ਦੀ ਸਮਾਪਤੀ ਤੋਂ ਬਾਦ ਉਨ੍ਹਾਂ ਨੇ ਆਰਤੀ ਅਰੰਭੀ। ਇਕ ਛੋਟਾ ਸੰਤ ਥਾਲ ਵਿਚ ਦੀਵੇ ਤੇ ਜੋਤਾਂ ਜਗਾਈ ਸਭ ਤੋਂ ਮੂਹਰੇ ਖਲੋ ਗਿਆ। ਉਸ ਦੇ ਬਾਕੀ ਸਾਥੀਆਂ ਨੇ ਢੋਲਕੀ ਤੇ ਛੈਣੇ ਪਕੜ ਲਏ। ਵੱਡੇ ਸੰਤ ਜੀ ਵਾਜਾ ਵਜਾ ਰਹੇ ਸਨ ਅਤੇ ਜੋਤਾਂ ਵਾਲੇ ਥਾਲ ਵਾਲਾ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੋ ਕੇ ਥਾਲ ਨੂੰ ਉਪਰ ਥੱਲੇ ਸੱਜੇ ਖੱਬੇ ਫੇਰ ਰਿਹਾ ਸੀ। ਢੋਲਕੀਆਂ ਛੈਣਿਆਂ ਦੀ ਘਨਘੋਰ ਆਵਾਜ਼ ਸੰਤ ਜੀ ਦੀ ਉੱਚੀ ਭਰਵੀਂ ਆਵਾਜ਼ ਨੂੰ ਤਾਲ ਦੇ ਰਹੀ ਸੀ। ਸੰਗਤਾਂ ਵਿਚੋਂ ਤੀਵੀਆਂ ਮਰਦ ਨੋਟ ਕੱਢ ਕੱਢ ਥਾਲ ਵਾਲੇ ਕੋਲ ਖੜ੍ਹੇ ਮਾਇਆ ਇਕੱਠੀ ਕਰਨ ਵਾਲੇ ਸੰਤ ਨੂੰ ਪਕੜਾ ਰਹੇ ਸਨ। ਆਰਤੀ ਦੀਆਂ ਅਖੀਰ ਦੀਆਂ ਪੰਗਤੀਆਂ ਤੇ ਫੁਲਾਂ ਦੀ ਵਰਖਾ ਹੋਈ, ਸੰਖ ਵਜੇ ਅਤੇ ਖੂਬ ਜ਼ੋਰ ਜ਼ੋਰ ਦੀ ਘੜਿਆਲ ਖੜਕੇ। ਸੰਤ ਜੀ ਨੇ ਜਗਨ ਨਾਥ ਪੁਰੀ ਦੇ ਮੰਦਰ ਦਾ ਦ੍ਰਿਸ਼ ਪੇਸ਼ ਕੀਤਾ।

ਆਰਤੀ ਤੋਂ ਬਾਦ ਸ਼ਬਦ ਕੀਰਤਨ ਹੋਣ ਲੱਗ ਪਿਆ। ਸੰਤ ਜੀ ਦੇ ਗਲੇ ਵਿਚ ਸੰਗਤਾਂ ਨੂੰ ਮੋਹਣ ਵਾਸਤੇ ਕਾਫੀ ਰਸ ਸੀ। ਉਨ੍ਹਾਂ ਦੇ ਆਪਣੇ ਘੜੇ ਸਿੱਧੇ ਸ਼ਬਦ ਭੋਲੀਆਂ ਸੰਗਤਾਂ ਤੇ ਜਾਦੂ ਦਾ ਅਸਰ ਕਰ ਰਹੇ ਸਨ। ਆਪਣੇ ਵਖਿਆਨ ਦੀ ਪ੍ਰੋੜ੍ਹਤਾ ਲਈ ਉਹ ਗੁਰਬਾਣੀ ਦੀਆਂ ਤੁਕਾਂ ਦੇ ਪ੍ਰਮਾਣ ਦਿੰਦੇ। ਆਉਣ ਵਾਲੀਆਂ ਸੰਗਤਾਂ ਆਪਣੇ ਖੀਸੇ ਵਿਚੋਂ ਦੋ ਨੋਟ ਕੱਢ ਕੇ ਲਿਆਉਂਦੀਆਂ। ਇਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ ਲਈ ਅਤੇ ਦੂਜਾ ਸੰਤ ਜੀ ਨੂੰ ਭੇਟਾ ਕਰਨ ਲਈ। ਸੰਤ ਜੀ ਦੇ ਮੂਹਰੇ ਨੋਟਾਂ ਦਾ ਢੇਰ ਲੱਗ ਗਿਆ ਜਿਵੇਂ ਪਤਝੜ ਦੇ ਮੌਸਮ ਵਿਚ ਦਰਖਤਾਂ ਦੇ ਪੱਤਿਆਂ ਦਾ।

ਦੀਵਾਨ ਦੀ ਸਮਾਪਤੀ ਤੋਂ ਬਾਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਗੁਰਦੁਆਰੇ ਚਲੀ ਗਈ ਅਤੇ ਅਖੰਡ ਪਾਠ ਵਾਲੇ ਕਮਰੇ ਵਿਚ ਸਰਦਾਰ ਜੀ ਦੇ ਖਾਸ ਮਿੱਤਰਾਂ ਦੀ ਮਹਿਫ਼ਲ ਜੰਮ ਗਈ। ਖਾਸ ਸੱਜਣਾਂ ਦੀ ਸੇਵਾ ਲਈ ਵਿਸਕੀ ਦੀਆਂ



Namdhari Elibrary NamdhariElibrary@gmail.com

ਬੋਤਲਾਂ ਦੇ ਡੱਟ ਖੁੱਲ੍ਹ ਗਏ ਅਤੇ ਘਰ ਦੀ ਰੋਣਕ ਨੂੰ ਦੋਬਾਲਾ ਕਰਨ ਲਈ ਲਾਊਡ ਸਪੀਕਰ ਰਾਹੀਂ ਫਿਲਮੀ ਗਾਣਿਆਂ ਦੀ ਆਵਾਜ਼ ਆਉਣ ਲੱਗ ਪਈ। ਸ਼ਾਇਦ ਵੰਨ ਸੁਵੰਨੇ ਚੋਂਦੇ ਚੋਂਦੇ ਰਿਕਾਰਡ ਅਖੰਡ ਪਾਠ ਦੀ ਰਹੀ ਸਹੀ ਕਸਰ ਨੂੰ ਪੂਰਿਆਂ ਕਰਨ ਲਈ ਲਗਾਏ ਗਏ ਹੋਣ।

—o—

ਬੀਬੀ ਜਸਬੀਰ ਕੌਰ ਦੀ ਦਸਤਾਰ ਹੌਲੀ ਹੌਲੀ ਪਿੱਛੇ ਨੂੰ ਖਿਸਕਣੀ ਸ਼ੁਰੂ ਹੋ ਗਈ। ਕੁਝ ਮਹੀਨਿਆਂ ਬਾਦ ਉਹ ਇਸ ਦੀ ਪੱਕੀ ਪਾਬੰਦ ਨਾ ਰਹੀ। ਜਦੋਂ ਕਿਧਰੇ ਕਿਸੇ ਕੀਰਤਨ ਸਮਾਗਮ ਤੇ ਜਾਣਾ ਹੁੰਦਾ ਤਾਂ ਉਹ ਦਸਤਾਰ ਸਜਾ ਲੈਂਦੀ ਨਹੀਂ ਤਾਂ ਪਫ ਵਾਂਗ ਹੀ ਫੈਸ਼ਨ ਬਣਾਈ ਰੱਖਦੀ। ਕਦੇ ਕਦੇ ਉਹ ਜੂੜੇ ਦੀ ਥਾਂ ਗੁੱਤ ਹੀ ਕਰ ਲੈਂਦੀ। ਜੇ ਕੋਈ ਉਸ ਨੂੰ ਪੁੱਛਦਾ ਤਾਂ ਕੋਈ ਨਾ ਕੋਈ ਬਹਾਨਾ ਪਾ ਦਿੰਦੀ।

ਜੂੜੇ ਤੋਂ ਬਿਨਾਂ ਉਸ ਨੂੰ ਕੰਘਾ ਰੱਖਣ ਦੀ ਔਖ ਆਉਣ ਲੱਗ ਪਈ। ਉਸਨੇ ਕੰਘੇ ਨੂੰ ਡੋਰ ਪਾ ਕੇ ਕਿਰਪਾਨ ਨਾਲ ਬੰਨ੍ਹ ਲਿਆ। ਇਕ ਦਿਨ ਉਹ ਕਿਸੇ ਦੇ ਘਰ ਕੀਰਤਨ ਤੇ ਗਈ। ਉਸ ਨੂੰ ਭੀ ਕੀਰਤਨ ਕਰਨ ਲਈ ਬੇਨਤੀ ਕੀਤੀ ਗਈ। ਜਦ ਉਹ ਕੀਰਤਨ ਕਰਕੇ ਉਠੀ ਤਾਂ ਉਸਦੀ ਕਿਰਪਾਨ ਸੰਗਤਾਂ ਦੀ ਨਜ਼ਰੀਂ ਪੈ ਗਈ ਕਿਉਂ ਜੋ ਉਸ ਦੀ ਕਮੀਜ਼ ਤੰਗ ਹੋਣ ਕਾਰਨ ਬੈਠਣ ਸਮੇਂ ਉਤਾਂਹ ਚੁਕੀ ਗਈ ਸੀ। ਲਾਗੇ ਬੈਠੇ ਇਕ ਸਿੰਘ ਨੇ ਕਿਰਪਾਨ ਨਾਲ ਬੱਧੇ ਕੰਘੇ ਨੂੰ ਦੇਖ ਕੇ ਕਿਹਾ ਕਿ ਬੀਬੀ ਕਛਹਿਰਾ ਵੀ ਕੰਘੇ ਦੇ ਨਾਲ ਹੀ ਬੰਨ੍ਹ ਲੈਣਾ ਸੀ। ਇਸ ਟਕੋਰ ਨਾਲ ਬੀਬੀ ਜਸਬੀਰ ਕੌਰ ਦਾ ਪਖੰਡ ਨੰਗਾ ਹੋ ਗਿਆ ਅਤੇ ਪਾਣੀਓਂ ਪਾਣੀ ਹੋਈ ਨੇ ਉਥੋਂ ਛੇਤੀ ਛੇਤੀ ਖਿਸਕਣ ਦੀ ਕੀਤੀ।

—o—

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ

ਹਰਬੰਸ ਸਿੰਘ ਚਾਨਾ ਸਾਊਥ ਹਾਲ

ਇੰਗਲੈਂਡ ਮਿਡਲ ਸਿਕਸ (ਯੂ ਕੇ)



Namdhari Elibrary NamdhariElibrary@gmail.com

Namdhari Elibrary NamdhariElibrary@gmail.com

A list of books published by
The Sikh Missionary Society U.K. (Regd.)

1 Introduction to Sikhism.
2 Guru Nanak (for children).
3 The Guru's Way (for children).
4 In the Guru's Footsteps (for children).
5 Guru Arjan the Apostle of Peace.
6 The Sikh Symbols.
7 The Sikh Bangle.
8 A Spur to the Sikh Youth.
9 Main Sikh Kion Han (Punjabi).
10 Rehni Rahe Soi Sikh Mera (Punjabi).
11 The Gurudwara (The Sikh Temple).
12 The Saint-Soldier.
13 Punjabi Teacher through English Medium.
14 Glimpses of Sikhism.
15 The Sikh Marriage Ceremony.
16 The Supreme Sacrifice of Guru Tegh Bahadar.
17 The Sikh Woman.
18 The Turban and the Sword of the Sikhs.
19 The Teachings of Guru Amardas Ji.

For information on Sikhism, please write to :-
THE SIKH MISSIONARY SOCIETY, U.K. (Regd.)
10 Featherstone Road, Southall, Middlesex.
Telephone : 01-574 1902

Namdhari Elibrary NamdhariElibrary@gmail.com